



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition






Reg No: AAG1353 | Ludhiana, Saturday 31 January, 2026 | website: www.cee7news.com



## ਸੋਨੇ ਦੀ ਕੀਮਤ ਬਾਰੇ ਹੈਰਾਨ ਕਰਨ ਵਾਲੀ ਰਿਪੋਰਟ: ਕੀ ਇੱਕ ਲੱਖ ਤੋਂ ਹੇਠਾਂ ਡਿੱਗੇਗਾ ਸੋਨਾ?

### ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਬਾਰੇ ਵੱਡੀ ਭਵਿੱਖਬਾਣੀ ਕੀਤੀ ਗਈ ਹੈ।

ਛਪੀ ਇੱਕ ਰਿਪੋਰਟ ਮੁਤਾਬਕ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਬਾਰੇ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਲੇਖ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਭਾਰਤੀ ਸਟਾਕ ਮਾਰਕੀਟ ਵਿੱਚ ਵੱਡਾ ਕਰੈਸ਼ ਆਉਂਦਾ ਹੈ ਤਾਂ ਸੋਨੇ ਦੀ ਕੀਮਤ ਇੱਕ ਲੱਖ ਰੁਪਏ (ਸੰਭਵ ਤੌਰ 'ਤੇ ਪ੍ਰਤੀ 10 ਗ੍ਰਾਮ) ਤੋਂ ਵੀ ਹੇਠਾਂ ਡਿੱਗ ਸਕਦੀ ਹੈ। ਇਹ ਗੱਲ ਬਹੁਤ ਹੈਰਾਨ ਕਰਨ ਵਾਲੀ ਹੈ ਕਿਉਂਕਿ ਪਿਛਲੇ ਸਾਲ ਸੋਨੇ ਦੀਆਂ ਕੀਮਤਾਂ ਵਿੱਚ 94 ਫ਼ੀਸਦੀ ਦਾ ਵਾਧਾ ਹੋਇਆ ਸੀ ਅਤੇ ਚਾਂਦੀ ਵਿੱਚ ਤਾਂ ਰਿਕਾਰਡ 250 ਫ਼ੀਸਦੀ ਦਾ ਉਛਾਲ ਆਇਆ ਸੀ। ਇੰਨੀ ਵੱਡੀ ਤੇਜ਼ੀ ਨੇ ਰਿਟੇਲ ਨਿਵੇਸ਼ਕਾਂ ਨੂੰ ਹੈਰਾਨ ਕਰ ਦਿੱਤਾ ਸੀ, ਪਰ ਹੁਣ ਮਾਰਕੀਟ ਵਿੱਚ ਅਸਥਿਰਤਾ ਕਾਰਨ ਗਿਰਾਵਟ ਦੀ ਸੰਭਾਵਨਾ ਜ਼ਿਕਰ ਕੀਤੀ ਜਾ ਰਹੀ ਹੈ।ਰਿਪੋਰਟ ਅਨੁਸਾਰ ਮੁੱਖ ਕਾਰਨ ਭਾਰਤੀ ਸ਼ੇਅਰ ਬਾਜ਼ਾਰ ਦੀ ਅਸਥਿਰਤਾ ਹੈ। ਨਿਫਟੀ 50 ਨੇ ਪਿਛਲੇ ਸਾਲ ਸਿਰਫ਼ 8 ਫ਼ੀਸਦੀ ਰਿਟਰਨ ਦਿੱਤਾ, ਜੋ ਬਹੁਤ ਘੱਟ ਹੈ। ਦਸੰਬਰ ਤਿਮਾਹੀ ਵਿੱਚ ਕੰਪਨੀਆਂ ਦੇ ਮੁਨਾਫ਼ੇ ਵਿੱਚ ਗਿਰਾਵਟ ਆਈ ਹੈ। ਵਿਦੇਸ਼ੀ ਸੰਸਥਾਗਤ ਨਿਵੇਸ਼ਕ (FII) ਫੰਡ ਵਾਪਸ ਲੈ ਰਹੇ ਹਨ। ਇੰਡੀਆ VIX ਜਨਵਰੀ ਵਿੱਚ 60 ਫ਼ੀਸਦੀ ਵਧ ਗਿਆ ਹੈ, ਜੋ ਮਾਰਕੀਟ ਵਿੱਚ ਬਹੁਤ ਵੱਡੀ ਅਸਥਿਰਤਾ ਦਾ ਸੰਕੇਤ ਹੈ। 2026 ਦੇ ਕੇਂਦਰੀ ਬਜਟ ਨੂੰ ਲੈ ਕੇ ਵੀ ਅਨਿਸ਼ਚਿਤਤਾ ਹੈ। ਜੇ ਬਜਟ ਉਮੀਦਾਂ 'ਤੇ ਖਰਾ ਨਾ ਉਤਰਿਆ ਤਾਂ ਮਾਰਕੀਟ ਹੋਰ ਵਿਗੜ ਸਕਦੀ ਹੈ।ਗਲੋਬਲ ਪੱਧਰ 'ਤੇ ਵੀ ਕਈ ਕਾਰਨ ਹਨ। ਵਿਸ਼ਵ ਭੂ-ਰਾਜਨੀਤਿਕ ਤਣਾਅ ਜਾਰੀ ਹੈ। ਅਮਰੀਕਾ ਵੱਲੋਂ ਦੱਖਣੀ ਕੋਰੀਆ 'ਤੇ ਟੈਰਿਫ ਲਾਉਣ ਅਤੇ ਭਾਰਤ-ਅਮਰੀਕਾ ਵਪਾਰ ਸਮਝੌਤਿਆਂ ਵਿੱਚ ਅਨਿਸ਼ਚਿਤਤਾ ਨੇ ਨਿਰਯਾਤ 'ਤੇ ਅਸਰ ਪਾਇਆ ਹੈ। ਇਹ ਸਭ ਮਿਲ ਕੇ ਮਾਰਕੀਟ 'ਤੇ ਦਬਾਅ ਬਣਾ ਰਹੇ ਹਨ। ਨਿਵੇਸ਼ਕ ਸਾਵਧਾਨ ਹੋ ਗਏ ਹਨ ਅਤੇ ਨਕਦੀ ਬਣਾਉਣ ਲਈ ਸੋਨੇ-ਚਾਂਦੀ ਦੇ ETFs ਵੇਚ ਰਹੇ ਹਨ।ਜੀਓਜੀਤ ਇਨਵੈਸਟਮੈਂਟਸ ਦੇ ਮੁੱਖ ਨਿਵੇਸ਼ ਰਣਨੀਤੀਕਾਰ ਵੀ ਕੇ ਵਿਜੇ ਕੁਮਾਰ ਨੇ ਕਿਹਾ ਹੈ ਕਿ ਸਟਾਕ ਮਾਰਕੀਟ ਕਰੈਸ਼ ਹੋਣ 'ਤੇ ਨਿਵੇਸ਼ਕ ਸੋਨੇ ਅਤੇ ਚਾਂਦੀ ਦੇ ETFs ਵੇਚ ਕੇ ਨਕਦੀ ਬਣਾਉਂਦੇ ਹਨ ਤਾਂ ਜੋ ਘੱਟ ਕੀਮਤ 'ਤੇ ਸਟਾਕ ਖਰੀਦ ਸਕਣ। ਇਸ ਨਾਲ ਕੀਮਤਾਂ ਵਿੱਚ ਵੱਡਾ ਸੁਧਾਰ ਆ ਸਕਦਾ ਹੈ। ਕੋਟਕ ਸਿਕਿਓਰਿਟੀਜ਼ ਦੇ ਵਿਸ਼ਲੇਸ਼ਣ ਮੁਤਾਬਕ ਚਾਂਦੀ ਦੀਆਂ ਕੀਮਤਾਂ ਅਸਥਾਈ ਤੌਰ 'ਤੇ 25-30 ਫ਼ੀਸਦੀ ਡਿੱਗ ਸਕਦੀਆਂ ਹਨ ਕਿਉਂਕਿ ਨਿਵੇਸ਼ਕ ਨੁਕਸਾਨ ਪੂਰਾ ਕਰਨ ਲਈ ਸੰਪਤੀ ਵੇਚਦੇ ਹਨ। ਸੋਨੇ ਵਿੱਚ ਵੀ ਦੋਹਰੇ ਅੰਕਾਂ ਦੀ ਗਿਰਾਵਟ ਸੰਭਵ ਹੈ। ਚਾਂਦੀ ਵਿੱਚ ਬੁਲਬੁਲਾ ਫਟਣ ਦੀ ਸੰਭਾਵਨਾ ਵੀ ਜ਼ਿਕਰ ਕੀਤੀ ਗਈ ਹੈ ਕਿਉਂਕਿ ਇਸ ਦਾ ਵਾਧਾ ਬਹੁਤ ਤੇਜ਼ ਸੀ।ਹਾਲਾਂਕਿ ਲੰਬੇ ਸਮੇਂ ਵਿੱਚ ਸੋਨਾ ਅੰਤਰਰਾਸ਼ਟਰੀ ਪੱਧਰ 'ਤੇ ਸਮਰਥਨ ਪ੍ਰਾਪਤ ਕਰਦਾ ਰਹੇਗਾ ਅਤੇ ਸੇਫ ਹੈਵਨ ਵਜੋਂ ਵੇਖਿਆ ਜਾਂਦਾ ਹੈ। ਜਦੋਂ ਸਟਾਕ ਮਾਰਕੀਟ ਡਿੱਗਦੀ ਹੈ ਤਾਂ ਸੋਨਾ ਅਕਸਰ ਵਧਦਾ ਹੈ, ਪਰ ਇਸ ਵਾਰ ਸਥਿਤੀ ਵੱਖਰੀ ਹੈ ਕਿਉਂਕਿ ਨਿਵੇਸ਼ਕ ਨਕਦੀ ਲਈ ਸੋਨਾ ਵੀ ਵੇਚ ਰਹੇ ਹਨ। ਸੰਖੇਪ ਮਿਆਦ ਵਿੱਚ ਉੱਚ ਅਸਥਿਰਤਾ ਰਹੇਗੀ। ਇੰਡੀਆ VIX 15-16 ਦੇ ਆਸ-ਪਾਸ ਹੈ, ਜੋ ਵੱਡੀਆਂ ਗਤੀਵਿਧੀਆਂ ਦਾ ਸੰਕੇਤ ਹੈ। ਬਜਟ ਅਤੇ ਅਮਰੀਕੀ ਨੀਤੀਆਂ ਮੁੱਖ ਭੂਮਿਕਾ ਨਿਭਾਉਣਗੀਆਂ। ਮਾਹਰ ਸਲਾਹ ਦਿੰਦੇ ਹਨ ਕਿ ਭਾਰੀ ਨਿਵੇਸ਼ ਵਿੱਚ ਸਾਵਧਾਨੀ ਵਰਤੋ। ਪਿਛਲੇ ਸਾਲ ਦੀ ਤੇਜ਼ੀ ਤੋਂ ਬਾਅਦ ਹੁਣ ਗਿਰਾਵਟ ਦਾ ਡਰ ਹੈ।

## 1 ਫਰਵਰੀ 2026 ਨੂੰ ਦੇਸ਼ ਭਰ ਵਿੱਚ ਭਾਰਤ ਬੰਦ ਦਾ ਐਲਾਨ ਕੀਤਾ ਗਿਆ ਹੈ।




*ਇਹ ਬੰਦ ਮੁੱਖ ਤੌਰ 'ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ 13 ਜਨਵਰੀ 2026 ਨੂੰ ਨੋਟੀਫਾਈ ਕੀਤੇ ਗਏ ਨਵੇਂ ਨਿਯਮਾਂ ਵਿਰੁੱਧ ਹੈ। ਇਹ ਨਿਯਮ "ਹਾਇਰ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਪ੍ਰਮੋਸ਼ਨ ਆਫ਼ ਇਕੁਇਟੀ) ਰੂਲਜ਼, 2026" ਦੇ ਨਾਂ ਨਾਲ ਜਾਣੇ ਜਾਂਦੇ ਹਨ*

ਪ੍ਰਕਾਸ਼ਿਤ ਖ਼ਬਰ ਅਨੁਸਾਰ, 1 ਫਰਵਰੀ 2026 ਨੂੰ ਦੇਸ਼ ਭਰ ਵਿੱਚ ਭਾਰਤ ਬੰਦ ਦਾ ਐਲਾਨ ਕੀਤਾ ਗਿਆ ਹੈ। ਇਹ ਬੰਦ ਮੁੱਖ ਤੌਰ 'ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਵੱਲੋਂ 13 ਜਨਵਰੀ 2026 ਨੂੰ ਨੋਟੀਫਾਈ ਕੀਤੇ ਗਏ ਨਵੇਂ ਨਿਯਮਾਂ ਵਿਰੁੱਧ ਹੈ। ਇਹ ਨਿਯਮ "ਹਾਇਰ ਐਜੂਕੇਸ਼ਨ ਇੰਸਟੀਚਿਊਸ਼ਨਜ਼ (ਪ੍ਰਮੋਸ਼ਨ ਆਫ਼ ਇਕੁਇਟੀ) ਰੂਲਜ਼, 2026" ਦੇ ਨਾਂ ਨਾਲ ਜਾਣੇ ਜਾਂਦੇ ਹਨ ਅਤੇ ਇਹ 2012 ਦੇ ਪੁਰਾਣੇ ਦਿਸ਼ਾ-ਨਿਰਦੇਸ਼ਾਂ ਨੂੰ ਬਦਲਦੇ ਹਨ। ਨਵੇਂ ਨਿਯਮਾਂ ਦਾ ਮਕਸਦ ਉੱਚ ਸਿੱਖਿਆ ਸੰਸਥਾਵਾਂ ਵਿੱਚ ਜਾਤੀ ਅਧਾਰਤ ਵਿਤਕਰੇ ਨੂੰ ਰੋਕਣਾ ਹੈ, ਖਾਸ ਕਰਕੇ ਅਨੁਸੂਚਿਤ ਜਾਤੀ (ਐਸਸੀ), ਅਨੁਸੂਚਿਤ ਜਨਜਾਤੀ (ਐਸਟੀ) ਅਤੇ ਹੋਰ ਪੱਛੜੇ ਵਰਗਾਂ (ਓਬੀਸੀ) ਦੇ ਵਿਦਿਆਰਥੀਆਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਹੈ।ਕਰਨਾ ਸੈਨਾ ਅਤੇ ਹੋਰ ਕਈ ਸੰਗਠਨਾਂ, ਜਿਨ੍ਹਾਂ ਵਿੱਚ ਉੱਚ ਜਾਤੀ ਸਮੁਦਾਇਆਂ ਦੇ ਗਰੁੱਪ ਸ਼ਾਮਲ ਹਨ, ਨੇ ਇਸ ਬੰਦ ਦਾ ਸੱਦਾ ਦਿੱਤਾ ਹੈ। ਵਿਰੋਧੀਆਂ ਦਾ ਦੋਸ਼ ਹੈ ਕਿ ਇਹ ਨਿਯਮ ਉੱਚ ਜਾਤੀਆਂ (ਜਨਰਲ ਕੈਟੇਗਰੀ) ਨੂੰ ਅਪਰਾਧੀ ਵਾਂਗ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਕਿ ਨਵੇਂ ਨਿਯਮਾਂ ਵਿੱਚ ਝੂਠੀਆਂ ਸ਼ਿਕਾਇਤਾਂ ਨੂੰ ਸੰਭਾਲਣ ਲਈ ਪੁਰਾਣੇ ਪ੍ਰਬੰਧ ਹਟਾ ਦਿੱਤੇ ਗਏ ਹਨ, ਜਿਸ ਨਾਲ ਜਨਰਲ ਕੈਟੇਗਰੀ ਦੇ ਵਿਦਿਆਰਥੀਆਂ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਨਿਯਮਾਂ ਦੀ ਦੁਰਵਰਤੋਂ ਹੋ ਸਕਦੀ ਹੈ। ਉਹ ਮੰਗ ਕਰ ਰਹੇ ਹਨ ਕਿ ਨਿਯਮ ਜਾਤੀ-ਨਿਰਪੱਖ ਹੋਣੇ ਚਾਹੀਦੇ ਹਨ ਅਤੇ ਸਾਰੇ ਵਰਗਾਂ ਲਈ ਬਰਾਬਰ ਸੁਰੱਖਿਆ ਦੇਣ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ। ਵਿਰੋਧੀਆਂ ਅਨੁਸਾਰ, ਨਿਯਮ ਸਿਰਫ਼ ਐਸਸੀ, ਐਸਟੀ ਅਤੇ ਓਬੀਸੀ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਲਈ ਕਮੇਟੀਆਂ ਬਣਾਉਣ ਦੀ ਗੱਲ ਕਰਦੇ ਹਨ, ਪਰ ਜਨਰਲ ਵਰਗ ਦੇ ਵਿਦਿਆਰਥੀਆਂ ਲਈ ਕੋਈ ਸਿੱਧੀ ਸੁਰੱਖਿਆ ਨਹੀਂ ਹੈ। ਹਾਲਾਂਕਿ ਅਪੀਲ ਦਾ ਪ੍ਰਬੰਧ ਹੈ ਜੇਕਰ ਸ਼ਿਕਾਇਤ ਝੂਠੀ ਸਾਬਤ ਹੋ ਜਾਵੇ।ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਏ ਹਨ। ਦਿੱਲੀ, ਮੁੰਬਈ, ਬੰਗਲੁਰੂ, ਲਖਨਊ ਸਮੇਤ ਕਈ ਸ਼ਹਿਰਾਂ ਵਿੱਚ ਵਿਦਿਆਰਥੀ, ਅਧਿਆਪਕ ਅਤੇ ਸਮਾਜਿਕ ਸੰਗਠਨ ਸੜਕਾਂ 'ਤੇ ਉਤਰੇ ਹਨ। ਜਾਤੀ ਵਿਤਕਰੇ ਦੀਆਂ ਸ਼ਿਕਾਇਤਾਂ ਵਿੱਚ 118% ਵਾਧਾ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ, ਜੋ ਵਿਰੋਧ ਨੂੰ ਹੋਰ ਬਲ ਦੇ ਰਹੀ ਹੈ। ਵਿਰੋਧੀ ਕਹਿੰਦੇ ਹਨ ਕਿ ਇਹ ਨਿਯਮ ਕੈਂਪਸ ਵਿੱਚ ਵੰਡ ਪੈਦਾ ਕਰਨਗੇ ਅਤੇ ਮੈਰਿਟ ਨੂੰ ਨੁਕਸਾਨ ਪਹੁੰਚਾਉਣਗੇ। ਉਹ ਇਸ ਨੂੰ "ਕਾਲਾ ਕਾਨੂੰਨ" ਕਹਿ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ ਇਹ ਨਿਯਮ ਤੁਰੰਤ ਵਾਪਸ ਲਏ ਜਾਣ।ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਭਰੋਸਾ ਦਿੱਤਾ ਹੈ ਕਿ ਇਹ ਨਿਯਮ ਕਿਸੇ ਨਾਲ ਵਿਤਕਰਾ ਨਹੀਂ ਕਰਨਗੇ ਅਤੇ ਸਾਰੇ ਵਰਗਾਂ 'ਤੇ ਬਰਾਬਰ ਲਾਗੂ ਹੋਣਗੇ। ਉਨ੍ਹਾਂ ਕਿਹਾ ਕਿ ਇਹ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਹਨ ਅਤੇ ਇਨ੍ਹਾਂ ਦੀ ਦੁਰਵਰਤੋਂ ਨਹੀਂ ਹੋਵੇਗੀ। ਪਰ ਵਿਰੋਧੀ ਇਸ ਭਰੋਸੇ ਨੂੰ ਕਾਫ਼ੀ ਨਹੀਂ ਮੰਨ ਰਹੇ।ਭਾਰਤ ਬੰਦ ਵਿੱਚ ਸੜਕੀ ਆਵਾਜਾਈ, ਵਪਾਰ, ਸਕੂਲ ਅਤੇ ਕਾਲਜ ਬੰਦ ਰੱਖਣ ਦਾ ਸੱਦਾ ਹੈ। ਇਸ ਨਾਲ ਰੋਜ਼ਮਰ੍ਹਾ ਜੀਵਨ, ਸਿੱਖਿਆ ਅਤੇ ਵਪਾਰ ਉੱਤੇ ਵੱਡਾ ਅਸਰ ਪੈ ਸਕਦਾ ਹੈ। ਸੋਸ਼ਲ ਮੀਡੀਆ 'ਤੇ ਵੀ ਬਹਿਸ ਤੇਜ਼ ਹੈ। ਕੁਝ ਲੋਕ ਕਹਿ ਰਹੇ ਹਨ ਕਿ ਇਹ ਨਿਯਮ ਮਾਰਜ਼ੀਨਲਾਈਜ਼ਡ ਵਰਗਾਂ ਨੂੰ ਸੁਰੱਖਿਆ ਦਿੰਦੇ ਹਨ, ਜਦਕਿ ਦੂਸਰੇ ਇਸ ਨੂੰ ਵੰਡ ਪੈਦਾ ਕਰਨ ਵਾਲਾ ਮੰਨਦੇ ਹਨ। ਬਸਪਾ ਨੇਤਾ ਮਾਇਆਵਤੀ ਨੇ ਦਲਿਤ ਅਤੇ ਪੱਛੜੇ ਵਰਗ ਦੇ ਵਿਦਿਆਰਥੀਆਂ ਨੂੰ ਭੜਕਾਊ ਬਿਆਨਾਂ ਨੂੰ ਨਜ਼ਰਅੰਦਾਜ਼ ਕਰਨ ਦੀ ਅਪੀਲ ਕੀਤੀ ਹੈ।ਇਹ ਬੰਦ ਦੇਸ਼ ਵਿੱਚ ਵਧ ਰਹੇ ਜਾਤੀ ਵਿਵਾਦਾਂ ਨੂੰ ਦਰਸਾਉਂਦਾ ਹੈ। ਜੇਕਰ ਵਿਆਪਕ ਰੂਪ ਨਾਲ ਮੰਨਿਆ ਗਿਆ ਤਾਂ ਸਿੱਖਿਆ ਪ੍ਰਣਾਲੀ ਅਤੇ ਅਰਥਵਿਵਸਥਾ 'ਤੇ ਡੂੰਘਾ ਅਸਰ ਪਵੇਗਾ। ਸੁਪਰੀਮ ਕੋਰਟ ਨੇ ਵੀ ਨਿਯਮਾਂ ਨੂੰ "ਪ੍ਰਾਈਮਾ ਫੇਸੀ ਵੇਗ" ਕਰਾਰ ਦਿੱਤਾ ਹੈ ਅਤੇ ਇਸ ਨੂੰ ਰੋਕ ਦਿੱਤਾ ਹੈ, ਕਿਉਂਕਿ ਇਹ ਸਮਾਜ ਵਿੱਚ ਵੰਡ ਪੈਦਾ ਕਰ ਸਕਦੇ ਹਨ। ਇਹ ਮਾਮਲਾ ਅਜੇ ਵੀ ਗਰਮ ਹੈ ਅਤੇ ਭਵਿੱਖ ਵਿੱਚ ਹੋਰ ਵਿਕਾਸ ਹੋ ਸਕਦਾ ਹੈ।



## ਆਧੁਨਿਕ ਕ੍ਰਿਕਟ ਵਿੱਚ ਛੱਕੇ ਮਾਰਨਾ ਇੱਕ ਅਜਿਹੀ ਗੱਲ ਬਣ ਗਈ ਹੈ ਜੋ ਪ੍ਰਸ਼ੰਸਕਾਂ ਨੂੰ ਸਟੇਡੀਅਮਾਂ ਵੱਲ ਖਿੱਚਦੀ ਹੈ

### ਯੁਵਰਾਜ ਸਿੰਘ ਨੂੰ ਇੱਕ ਓਵਰ ਵਿੱਚ ਛੇ ਲਗਾਤਾਰ ਛੱਕੇ ਮਾਰ ਕੇ ਵਿਸ਼ਵ ਰਿਕਾਰਡ ਬਣਾਇਆ ਸੀ

ਆਧੁਨਿਕ ਕ੍ਰਿਕਟ ਵਿੱਚ ਛੱਕੇ ਮਾਰਨਾ ਇੱਕ ਅਜਿਹੀ ਗੱਲ ਬਣ ਗਈ ਹੈ ਜੋ ਪ੍ਰਸ਼ੰਸਕਾਂ ਨੂੰ ਸਟੇਡੀਅਮਾਂ ਵੱਲ ਖਿੱਚਦੀ ਹੈ। ਚੌਕੇ ਅਤੇ ਛੱਕੇ ਦੇਖਣ ਲਈ ਲੋਕ ਉਤਸੁਕ ਰਹਿੰਦੇ ਹਨ, ਖਾਸ ਕਰਕੇ ਟੀ-20 ਅਤੇ ਵਨਡੇ ਫਾਰਮੈਟ ਵਿੱਚ ਜਿੱਥੇ ਪਾਵਰ-ਹਿਟਿੰਗ ਬੱਲੇਬਾਜ਼ਾਂ ਦਾ ਦਬਦਬਾ ਹੈ। ਪਰ ਭਾਰਤੀ ਕ੍ਰਿਕਟ ਵਿੱਚ ਤਿੰਨ ਅਜਿਹੇ ਕ੍ਰਿਕਟਰ ਹਨ ਜਿਨ੍ਹਾਂ ਨੇ ਆਪਣੇ ਪੂਰੇ ਅੰਤਰਰਾਸ਼ਟਰੀ ਕਰੀਅਰ ਵਿੱਚ ਵਨਡੇ (ਇੱਕ ਰੋਜ਼ਾ) ਜਾਂ ਟੀ-20 ਮੈਚਾਂ ਵਿੱਚ ਇੱਕ ਵੀ ਛੱਕਾ ਨਹੀਂ ਮਾਰਿਆ।ਇਹ ਖਿਡਾਰੀ ਹਨ: ਯੁਜਵੇਂਦਰ ਚਾਹਲ, ਕੁਲਦੀਪ ਯਾਦਵ ਅਤੇ ਇਸ਼ਾਂਤ ਸ਼ਰਮਾ। ਇਨ੍ਹਾਂ ਵਿੱਚੋਂ ਚਾਹਲ ਨੂੰ ਟੈਸਟ ਕ੍ਰਿਕਟ ਖੇਡਣ ਦਾ ਮੌਕਾ ਵੀ ਨਹੀਂ ਮਿਲਿਆ, ਜਦਕਿ ਬਾਕੀ ਦੋ ਨੇ ਆਪਣੀ ਗੇਂਦਬਾਜ਼ੀ ਨਾਲ ਵਿਸ਼ਵ ਪੱਧਰ ਤੇ ਨਾਮ ਕਮਾਇਆ ਹੈ। ਇਹ ਰਿਕਾਰਡ ਵਿਲੱਖਣ ਹੈ ਕਿਉਂਕਿ ਅੱਜਕੱਲ੍ਹ ਗੇਂਦਬਾਜ਼ ਵੀ ਛੱਕੇ ਮਾਰਨ ਵਿੱਚ ਮਾਹਿਰ ਹੁੰਦੇ ਹਨ, ਪਰ ਇਹ ਤਿੰਨੇ ਆਪਣੀ ਮੁੱਖ ਭੂਮਿਕਾ ਗੇਂਦਬਾਜ਼ੀ ਤੇ ਕੇਂਦਰਿਤ ਰਹੇ ਅਤੇ ਬੱਲੇਬਾਜ਼ੀ ਵਿੱਚ ਸਾਵਧਾਨੀ ਵਰਤੀ।ਭਾਰਤੀ ਕ੍ਰਿਕਟ ਦਾ ਇਤਿਹਾਸ ਛੱਕੇ ਮਾਰਨ ਵਾਲੇ ਮਹਾਨ ਬੱਲੇਬਾਜ਼ਾਂ ਨਾਲ ਭਰਪੂਰ ਹੈ। ਯਾਦ ਰੱਖੋ ਯੁਵਰਾਜ ਸਿੰਘ ਨੂੰ, ਜਿਸ ਨੇ 2007 ਟੀ-20 ਵਿਸ਼ਵ ਕੱਪ ਵਿੱਚ ਇੰਗਲੈਂਡ ਵਿਰੁੱਧ ਸਟੂਅਰਟ ਬ੍ਰਾਡ ਨੂੰ ਇੱਕ ਓਵਰ ਵਿੱਚ ਛੇ ਲਗਾਤਾਰ ਛੱਕੇ ਮਾਰ ਕੇ ਵਿਸ਼ਵ ਰਿਕਾਰਡ ਬਣਾਇਆ ਸੀ। ਇਹ ਪਲ ਕ੍ਰਿਕਟ ਪ੍ਰਸ਼ੰਸਕਾਂ ਲਈ ਅਮਰ ਹੈ।ਰੋਹਿਤ ਸ਼ਰਮਾ ਵਰਗੇ ਬੱਲੇਬਾਜ਼ ਅੱਜ ਵੀ ਛੱਕਿਆਂ ਦੀ ਬਰਸਾਤ ਕਰਦੇ ਹਨ। ਪਰ ਇਹ ਤਿੰਨ ਗੇਂਦਬਾਜ਼ ਬੱਲੇਬਾਜ਼ਾਂ ਨੂੰ ਨੱਚਣ ਵਾਲੇ ਹਨ, ਪਰ ਖੁਦ ਛੱਕੇ ਮਾਰਨ ਤੋਂ ਪਰਹੇਜ਼ ਕਰਦੇ ਹਨ।

ਇਹਨਾਂ ਦੀ ਬੱਲੇਬਾਜ਼ੀ ਸਟਾਈਲ ਰੱਖਿਆਤਮਕ ਹੈ, ਜਿੱਥੇ ਰਨ ਬਚਾਉਣਾ ਅਤੇ ਵਿਕਟ ਨਾ ਗਵਾਉਣਾ ਮੁੱਖ ਉਦੇਸ਼ ਹੁੰਦਾ ਹੈ। ਗੇਂਦਬਾਜ਼ਾਂ ਲਈ ਬੱਲੇਬਾਜ਼ੀ ਦੇ ਮੌਕੇ ਘੱਟ ਹੁੰਦੇ ਹਨ, ਖਾਸ ਕਰਕੇ ਟੇਲ-ਐਂਡ ਵਿੱਚ, ਅਤੇ ਇਹਨਾਂ ਨੇ ਉਹਨਾਂ ਮੌਕਿਆਂ ਨੂੰ ਵੀ ਸੁਰੱਖਿਅਤ ਰੱਖਿਆ।ਪਹਿਲਾ ਖਿਡਾਰੀ ਯੁਜਵੇਂਦਰ ਚਾਹਲ ਹੈ, ਜੋ ਲੈੱਗ-ਬ੍ਰੇਕ ਗੇਂਦਬਾਜ਼ੀ ਨਾਲ ਮਸ਼ਹੂਰ ਹੈ। ਉਸ ਨੇ 2016 ਵਿੱਚ ਵਨਡੇ ਅਤੇ ਟੀ-20 ਵਿੱਚ ਡੈਬਿਊ ਕੀਤਾ। ਹੁਣ ਤੱਕ ਉਸ ਨੇ 72 ਵਨਡੇ ਮੈਚਾਂ ਵਿੱਚ 121 ਵਿਕਟਾਂ ਅਤੇ 80 ਟੀ-20 ਮੈਚਾਂ ਵਿੱਚ 96 ਵਿਕਟਾਂ ਲਈਆਂ ਹਨ। ਉਸ ਦੀ ਗੇਂਦਬਾਜ਼ੀ ਬੱਲੇਬਾਜ਼ਾਂ ਨੂੰ ਗੁੰਝਲ ਵਿੱਚ ਪਾ ਦਿੰਦੀ ਹੈ, ਪਰ ਬੱਲੇਬਾਜ਼ੀ ਵਿੱਚ ਉਹ ਕਦੇ ਵੀ ਛੱਕੇ ਵੱਲ ਨਹੀਂ ਗਿਆ। ਚਾਹਲ ਨੂੰ ਬੱਲੇਬਾਜ਼ੀ ਦੇ ਬਹੁਤ ਘੱਟ ਮੌਕੇ ਮਿਲੇ, ਪਰ ਉਹਨਾਂ ਵਿੱਚ ਵੀ ਉਸ ਨੇ ਕੋਈ ਰਿਸਕ ਨਹੀਂ ਲਿਆ। ਉਹ 2023 ਤੋਂ ਟੀਮ ਇੰਡੀਆ ਤੋਂ ਬਾਹਰ ਹੈ ਅਤੇ ਟੈਸਟ ਵਿੱਚ ਅਜੇ ਡੈਬਿਊ ਨਹੀਂ ਕੀਤਾ। ਚਾਹਲ ਦੀ ਕਰੀਅਰ ਆਈਪੀਐੱਲ ਵਿੱਚ ਵੀ ਚਮਕਦਾਰ ਰਹੀ, ਜਿੱਥੇ ਉਸ ਨੇ ਰਾਇਲ ਚੈਲੰਜਰਜ਼ ਬੈਂਗਲੋਰ ਅਤੇ ਰਾਜਸਥਾਨ ਰਾਇਲਜ਼ ਲਈ ਖੇਡਦਿਆਂ ਰਿਕਾਰਡ ਬਣਾਏ। ਉਸ ਦੀ ਗੇਂਦਬਾਜ਼ੀ ਵਿੱਚ ਵੇਰੀਏਸ਼ਨ ਜਿਵੇਂ ਗੂਗਲੀ ਅਤੇ ਫਲਿੱਪਰ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕਰਦੇ ਹਨ। ਬੱਲੇਬਾਜ਼ੀ ਵਿੱਚ ਉਹ ਆਪਣੇ ਆਪ ਨੂੰ ਸੀਮਤ ਰੱਖਦਾ ਹੈ ਕਿਉਂਕਿ ਉਸ ਦਾ ਫੋਕਸ ਵਿਕਟਾਂ ਤੇ ਹੈ। ਇਹ ਰਿਕਾਰਡ ਉਸ ਨੂੰ ਵਿਲੱਖਣ ਬਣਾਉਂਦਾ ਹੈ, ਕਿਉਂਕਿ ਟੀ-20 ਵਿੱਚ ਗੇਂਦਬਾਜ਼ ਵੀ ਛੱਕੇ ਮਾਰ ਕੇ ਫਿਨਿਸ਼ਰ ਬਣ ਜਾਂਦੇ ਹਨ। ਚਾਹਲ ਨੇ ਭਾਰਤ ਨੂੰ ਵਿਸ਼ਵ ਕੱਪ ਅਤੇ ਏਸ਼ੀਆ ਕੱਪ ਵਿੱਚ ਕਈ ਜਿੱਤਾਂ ਦਿਵਾਈਆਂ, ਪਰ ਛੱਕੇ ਤੋਂ ਦੂਰ ਰਹੇ। ਉਸ ਦੇ ਕਰੀਅਰ ਵਿੱਚ ਰਨ ਬਣਾਉਣ ਵਾਲੇ ਸ਼ਾਟਸ ਵੀ ਘੱਟ ਹਨ, ਜੋ ਉਸ ਦੀ ਸੰਜੀਦਗੀ ਨੂੰ ਦਰਸਾਉਂਦੇ ਹਨ।ਦੂਜਾ ਖਿਡਾਰੀ ਕੁਲਦੀਪ ਯਾਦਵ ਹੈ, ਜੋ ਖੱਬੇ ਹੱਥ ਦਾ ਚਾਈਨਾਮੈਨ ਸਪਿਨਰ ਹੈ। ਉਸ ਨੇ ਭਾਰਤ ਲਈ ਤਿੰਨੋਂ ਫਾਰਮੈਟਾਂ ਵਿੱਚ ਖੇਡਿਆ ਹੈ। 31 ਸਾਲਾ ਕੁਲਦੀਪ ਨੇ 17 ਟੈਸਟ, 120 ਵਨਡੇ ਅਤੇ 53 ਟੀ-20 ਮੈਚ ਖੇਡੇ ਹਨ। ਵਨਡੇ ਵਿੱਚ ਉਸ ਦੀਆਂ 194 ਵਿਕਟਾਂ ਅਤੇ ਟੀ-20 ਵਿੱਚ 94 ਵਿਕਟਾਂ ਉਸ ਨੂੰ ਭਾਰਤ ਦੇ ਮੁੱਖ ਸਪਿਨਰ ਬਣਾਉਂਦੀਆਂ ਹਨ। ਟੈਸਟ ਵਿੱਚ ਵੀ ਉਸ ਨੇ 76 ਵਿਕਟਾਂ ਲਈਆਂ ਹਨ। ਕੁਲਦੀਪ ਨੇ ਆਪਣੀ ਵੇਰੀਏਸ਼ਨ ਵਾਲੀ ਗੇਂਦਬਾਜ਼ੀ ਨਾਲ ਕਈ ਮੈਚ ਜਿੱਤੇ ਹਨ, ਜਿਵੇਂ ਆਸਟ੍ਰੇਲੀਆ ਅਤੇ ਇੰਗਲੈਂਡ ਵਿਰੁੱਧ। ਪਰ ਵਨਡੇ ਅਤੇ ਟੀ-20 ਵਿੱਚ ਉਸ ਨੇ ਇੱਕ ਵੀ ਛੱਕਾ ਨਹੀਂ ਮਾਰਿਆ। ਉਸ ਦੀ ਬੱਲੇਬਾਜ਼ੀ ਸਟਾਈਲ ਡਿਫੈਂਸਿਵ ਹੈ, ਜਿੱਥੇ ਉਹ ਟਾਈਮ ਪਾਸ ਕਰਨ ਜਾਂ ਰਨ ਬਚਾਉਣ ਤੇ ਜ਼ੋਰ ਦਿੰਦਾ ਹੈ। ਸਪਿਨਰਾਂ ਲਈ ਬੱਲੇਬਾਜ਼ੀ ਵਿੱਚ ਛੱਕੇ ਮਾਰਨਾ ਔਖਾ ਹੁੰਦਾ ਹੈ ਕਿਉਂਕਿ ਉਹਨਾਂ ਦਾ ਫੋਕਸ ਗੇਂਦ ਨੂੰ ਘੁੰਮਾਉਣ ਤੇ ਹੁੰਦਾ ਹੈ।

## ਘਰ ਤੋਂ ਜਦ ਧੀ ਤੁਰਦੀ ਏ



ਘਰ ਤੋਂ ਜਦ ਧੀ ਤੁਰਦੀ ਏ,ਸਭ ਦੇ ਮਨ ਹੌਲੇ ਹੁੰਦੇ।
ਘਰ ਦੇ ਜੀਆਂ ਸੰਗ ਰੋਂਦੇ, ਕੰਧਾਂ ਤੇ ਕੌਲੇ ਹੁੰਦੇ।
ਧੀਆਂ ਤਾਂ ਘਰ ਦੀ ਰੌਣਕ,ਧੀਆਂ ਬਿਨ ਸੁੰਨੇ ਵੇਹੜੇ।
ਧੀਆਂ ਦੇ ਪੇਕੇ ਘਰ ਫਿਰ, ਗਿਣਤੀ ਦੇ ਲੱਗਦੇ ਗੇੜੇ।
ਸਹੁਰੇ ਘਰ ਦੇ ਵਿੱਚ ਵਰਖਾ,ਸੁੱਖਾਂ ਦੀ ਰਵ੍ਹੇ ਹਮੇਸ਼ਾ।
ਮੇਰੇ ਘਰ ਮੌਜ ਬਹਾਰਾਂ, ਮਾਪਿਆਂ ਨੂੰ ਕਵ੍ਹੇ ਹਮੇਸ਼ਾ।
ਖੁਸ਼ੀਆਂ ਦੀ ਤੋਟ ਕੋਈ ਨਾ,ਝੋਰਾ ਨ੍ਹੀਂ ਝਗੜੇ-ਝੇੜੇ।
ਧੀਆਂ ਦੇ -----------------------।
ਭਾਈਆਂ ਤੇ ਬਾਬਲ ਦੇ ਲਈ,ਕਰਦੀਆਂ ਇਹ ਰਹਿਣ ਦੁਆਵਾਂ।
ਰੱਬ ਨੂੰ ਕਰਦੀਆਂ ਅਰਜੋਈਆਂ,ਸਾਥੋਂ ਨਾ ਖੋਹਵੀਂ ਮਾਵਾਂ।
ਸਹੁਰਿਆਂ ਦੇ ਘਰ ਹੁੰਦੇ ਨੇ, ਬਾਹਲੇ ਹੀ ਕੰਮ ਸਹੇੜੇ।
ਧੀਆਂ ਦੇ---------------------।
ਮਾਵਾਂ ਨੂੰ ਝੋਰਾ ਰਹਿੰਦਾ, ਧੀਆਂ ਬਣ ਜਾਵਣ ਮਾਵਾਂ।
ਬੱਚਿਆਂ ਦੇ ਆਉਣ ਨਾ ਨੇੜੇ,ਜਿੰਦਗੀ ਭਰ ਇੱਲ-ਬਲਾਵਾਂ।
ਭੈਣਾਂ ਲਈ ਵੀਰ 'ਨਾਗਰਾ' ਘਰ ਦੇ ਨਾ ਬੂਹੇ ਭੇੜੇ।
ਧੀਆਂ ਦੇ ਪੇਕੇ ਘਰ ਫਿਰ,ਗਿਣਤੀ ਦੇ ਲੱਗਦੇ ਗੇੜੇ।

ਜਸਪਾਲ ਸਿੰਘ ਨਾਗਰਾ'ਮਹਿੰਦਪਰੀਆ'
ਪੋਰਟਲੈਂਡ,ਓਰੇਗਨ (ਅਮਰੀਕਾ)
ਫੋਨ:+13604481989

## ਵਿਚਾਰ .....



* ਆਕੜ ...
ਸਿੱਖਣੈ ਤਾਂ ਆਕੜ ਤਿਆਗੋ। ਹਲੀਮੀ ਨਾਲ ਅੱਗੇ ਵਧੋ। ਨਿਮਰਤਾ ਰੱਖ ਚੱਲਦਿਆਂ ਤਾਂ ਕਿਸੇ ਦਾ ਵੀ ਦਿਲ ਜਿੱਤਿਆ ਜਾ ਸਕਦੈ॥
ਆਕੜ ਤਾਂ ਮੁਰਦੇ 'ਚ ਹੁੰਦੀ ਹੈ। ਜ਼ਿੰਦਾ ਇਨਸਾਨ ਤਾਂ ਝੁੱਕ ਕੇ ਚੱਲਣ 'ਚ ਹੀ ਜ਼ਿੰਦਗੀ ਦਾ ਆਨੰਦ ਲੈਂਦੈ॥
ਆਕੜਾਂ ਰੱਖਣ ਵਾਲੇ ਖਿਆਲਾਂ ਤੋਂ ਖਾਲੀ ਪਰ ਬੇਹੁਦਾ ਹਉਮੈ ਨਾਲ ਭਰੇ ਹੁੰਦੇ ਨੇ। ਨਫ਼ਰਤ ਪਾਲਦੇ ਨੇ। ਸ਼ੰਕਾਵਾਂ ਦੇ ਸ਼ਿਕਾਰ ਹੁੰਦੇ ਨੇ॥

* *ਵਿਹਲ ...
ਜਿਆਦਾ ਵਿਹਲ ਆਲਸ ਨੂੰ ਸੱਦਾ ਦਿੰਦੀ ਹੈ। ਹੀਣਭਾਵਨਾ ਪੈਦਾ ਕਰਦੀ ਹੈ। ਮਨ ਘਤਿੱਤੀ ਬਣਦਾ ਜਾਂਦੈ। ਤਰੱਕੀ ਰੁਕ ਜਾਂਦੀ ਹੈ॥
ਵਿਹਲ ਦਾ ਸਮਾਂ ਸਾਰਥਕ ਚਿੰਤਨ ਵਿੱਚ ਲਾਉਣਾ ਸਿੱਖ ਲਿਆ ਤਾਂ ਸ੍ਰਿਜਣਾਤਮਿਕਤਾ ਵਧਣ ਲੱਗ ਪਵੇਗੀ। ਚੜ੍ਹਦੀਕਲਾ ਭਰੇ ਵਿਚਾਰ ਚੱਲਣ ਲੱਗ ਪੈਣਗੇ॥
ਲਗਾਤਾਰ ਲੰਬਾ ਸਮਾਂ ਇੱਕੋ ਕੰਮ 'ਚ ਕਾਰਜਸ਼ੀਲ ਰਹਿਣ ਨਾਲ ਮਨ ਉਕਤਾਅ ਜਾਂਦੈ। ਕੁੱਝ ਵਕਤ ਵਿਹਲ ਦਾ ਕੱਢਦੇ ਰਹੋ। ਕੰਮ ਦੀ ਸਹੀ ਚਾਲ ਬਣੀ ਰਹਿੰਦੀ ਹੈ। ਗਲਤੀਆਂ ਤੋਂ ਬਚਾ ਰਹਿੰਦੈ। ਕੰਮ 'ਚ ਜੀਅ ਵੀ ਲੱਗਿਆ ਰਹਿੰਦੈ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਰੂਹ (ਲੇਖਕ : ਰਾਜਵਿੰਦਰ ਕੌਰ ਜਟਾਣਾ।)



ਰੂਹ ਕੋਈ ਸ਼ੀਸ਼ਾ ਨਹੀਂ
ਜੋ ਟੁੱਟ ਕੇ ਖ਼ਤਮ ਹੋ ਜਾਵੇ,
ਇਹ ਤਾਂ ਦਰਿਆ ਹੈ
ਜੋ ਦਰਦਾਂ ਵਿੱਚੋਂ ਲੰਘ ਕੇ ਵੀ ਵਹਿੰਦਾ ਰਹਿੰਦਾ ਹੈ।
ਰੂਹ ਦੀ ਆਵਾਜ਼ ਬਹੁਤ ਹੌਲੀ ਹੁੰਦੀ ਹੈ,
ਇਸ ਲਈ ਇਹ ਸ਼ੋਰ ਵਿੱਚ ਨਹੀਂ ਸੁਣਾਈ ਦਿੰਦੀ।
ਜੋ ਆਪਣੇ ਅੰਦਰ ਚੁੱਪ ਸਿੱਖ ਲੈਂਦਾ ਹੈ,
ਉਹੀ ਰੂਹ ਦੀ ਗੱਲ ਸਮਝ ਪਾਂਦਾ ਹੈ।

ਕਈ ਵਾਰ ਰੂਹ
ਮੁਸਕੁਰਾਹਟਾਂ ਦੇ ਪਿੱਛੇ ਰੋ ਰਹੀ ਹੁੰਦੀ ਹੈ,
ਪਰ ਜਦੋਂ ਕਿਸੇ ਦੀ ਨੀਅਤ ਸਾਫ਼ ਹੋਵੇ,
ਉਹ ਅੱਖਾਂ ਤੋਂ ਪਹਿਲਾਂ ਰੂਹ ਪੜ੍ਹ ਲੈਂਦਾ ਹੈ।
ਰੂਹ ਦਾ ਰਿਸ਼ਤਾ ਵਕ਼ਤ ਨਾਲ ਨਹੀਂ,
ਅਹਿਸਾਸ ਨਾਲ ਹੁੰਦਾ ਹੈ।
ਇਸ ਲਈ ਕੁਝ ਮੁਲਾਕਾਤਾਂ ਪਲਾਂ ਦੀਆਂ ਹੋ ਕੇ ਵੀ
ਜ਼ਿੰਦਗੀ ਭਰ ਸਾਥ ਨਿਭਾ ਜਾਂਦੀਆਂ ਹਨ।

**ਲੇਖਕ ਆਪਣੀਆਂ ਰਚਨਾਵਾਂ**
**ਇਸ ਨੰਬਰ ਤੇ ਭੇਜ ਸਕਦੇ ਹਨ**
+91 98155 61022

# ਬਰਾਬਰੀ ਹੀ ਕਿਉਂ ਕਰਨੀ ਹੈ ,ਅੱਗੇ ਵੀ ਤਾਂ ਨਿਕਲ ਸਕਦੇ ਹੋ...



ਇਨਸਾਨ ਹਮੇਸ਼ਾਂ ਇੱਕ ਦੂਜੇ ਦੀ ਬਰਾਬਰੀ ਕਰਨ ਦੇ ਚੱਕਰ ਵਿੱਚ ਹੁੰਦਾ ਹੈ,ਬਰਾਬਰੀ ਕਰਨ ਨਾਲੋਂ ਦੂਜੇ ਤੋਂ ਅੱਗੇ ਨਿਕਲੋ ਹਰ ਵੇਲੇ ਤੁਲਨਾ ਕਰਨ ਦੇ ਖਿਆਲ ਵਿੱਚ ਰਹਿਣਾ ਚੰਗੀ ਗੱਲ ਨਹੀਂ,ਹਰ ਇਨਸਾਨ ਨੂੰ ਪਰਮਾਤਮਾ ਨੇ ਵੱਖਰੇ ਵੱਖਰੇ ਗੁਣਾਂ,ਵੱਖਰੀ ਵੱਖਰੀ ਸੋਚ ਨਾਲ ਘੜਿਆ ਹੈ ਤਾਂ ਭਲਾ ਅਸੀਂ ਮਨੁੱਖ ਦੂਜੇ ਦੀ ਬਰਾਬਰੀ ਕਿਵੇਂ ਕਰ ਸਕਦੇ ਹਾਂ,ਸਾਡੀ ਸਮਰੱਥਾ ਕੁੱਝ ਹੋਰ ਹੈ ਤੇ ਦੂਜੇ ਦੀ ਕੁੱਝ ਹੋਰ ,ਸਾਡੇ ਵਿੱਚ ਕੋਈ ਹੋਰ ਹੁਨਰ ਹੈ ਦੂਜੇ ਵਿੱਚ ਕੋਈ ਹੋਰ ਅਸੀਂ ਬਰਾਬਰੀ ਦੇ ਰਾਹ ਤੇ ਪੈ ਜਾਨੇ ਹਾਂ ਅਤੇ ਆਪਣੀ ਸਮਰੱਥਾ ,ਯੋਗਤਾ ਅਤੇ ਹੁਨਰ ਨੂੰ ਭੁੱਲ ਜਾਨੇ ਹਾਂ,ਜੇਕਰ ਸੋਚਿਆ ਜਾਵੇ ਤਾਂ ਇਸ ਤੁਲਨਾ ਦੇ ਖਿਆਲ ਨੂੰ ਛੱਡ ਕੇ ਸਾਨੂੰ ਆਪਣੇ ਅੰਦਰ ਦੇ ਹੁਨਰ ਨੂੰ ਪਛਾਣਨ ਦੀ ਲੋੜ ਹੁੰਦੀ ਹੈ ਹੋ ਸਕਦਾ ਸਾਡਾ ਇਹ ਹੁਨਰ ਸਾਡੇ ਲਈ ਦੂਜਿਆਂ ਦੀ ਨਕਲ ਜਾਂ ਤੁਲਨਾ ਕਰਨ ਨਾਲੋਂ ਕੁਝ ਵਧੀਆ ਰਾਹ ਦਿਖਾ ਦੇਵੇ ਜਿਸ ਨਾਲ ਅਸੀਂ ਕਿਸੇ ਦੂਜੇ ਤੋਂ ਕਿਤੇ ਅੱਗੇ ਲੰਘ ਜਾਈਏ । ਤੁਲਨਾ ਕਰਨਾ ਇੱਕ ਹਿਸਾਬ ਨਾਲ ਈਰਖਾ ਜਾਂ ਸਾੜ੍ਹਾ ਹੀ ਹੁੰਦਾ ਹੈ ਜੋ ਕਿ ਸਾਡੇ ਅੰਦਰ ਦੀ ਸਮਰੱਥਾ ਨੂੰ ਖੋਖਲਾ ਕਰਦੀ ਹੈ ।ਈਰਖਾ ਜਾਂ ਸਾੜ੍ਹਾ ਸਾਨੂੰ ਕਦੇ ਵੀ ਕੁੱਝ ਸਕਾਰਾਤਮਕ ਕਰਨ ਜਾਂ ਸੋਚਣ ਦਾ ਮੌਕਾ ਨਹੀਂ ਦਿੰਦਾ ,ਅਸੀਂ ਦੂਜੇ ਤੋਂ ਕੁੱਝ ਵੱਖਰਾ ਤਾਂ ਹੀ ਸੋਚ ਜਾਂ ਕਰ ਸਕਦੇ ਹਾਂ ਜਦੋਂ ਅਸੀਂ ਆਪਣੇ ਅੰਦਰ ਦੀ ਇਸ ਭਾਵਨਾ ਨੂੰ ਆਪਣੇ ਅੰਦਰੋਂ ਖਤਮ ਕਰਦੇ ਹਾਂ । ਸੋ ਤੁਲਨਾ ਦੇ ਚੱਕਰ ਨੂੰ ਛੱਡ ਕੇ ਆਪਣੀਆਂ ਖੂਬੀਆਂ ਨੂੰ ਪਛਾਣੋ ਅਤੇ ਕੁੱਝ ਵੱਖਰਾ ਕਰੋ ਤਾਂ ਕਿ ਤੁਸੀਂ ਕਿਸੇ ਦੂਜੇ ਦੇ ਬਰਾਬਰ ਨਹੀਂ ਕਿਤੇ ਅੱਗੇ ਨਿਕਲ ਜਾਓ✍️

ਹਰਵਿੰਦਰ ਕੌਰ ਕਾਹਲੋਂ

## ਚੂਹਾ ਦੌੜ .......??



ਜੇਕਰ ਤੁਸੀ ਚੂਹਾ ਦੌੜ ਨੂੰ ਜਿੱਤ ਵੀ ਜਾਂਦੇ ਹੋ ਤਾਂ ਤੁਸੀ ਰਹੋਗੇ ਇੱਕ ਚੂਹੇ ਹੀ। ਇਸ ਕਰਕੇ ਕਦੇ ਵੀ ਬਗਲਿਆਂ ਦੇ ਝੁੰਡ ਵਿੱਚ ਤੁਹਾਨੂੰ ਹੰਸ ਨਹੀਂ ਮਿਲਣਗੇ। ਜ਼ਿੰਦਗੀ ਨੂੰ ਦੇਖਣ ਦਾ ਸਾਡਾ ਨਜ਼ਰੀਆ ਬਹੁਤ ਛੋਟਾ ਹੈ ਜਾਂ ਬਿਲਕੁਲ ਹੀ ਸੀਮਿਤ ਜਿਹਾ ਆ। ਕਿਸੇ ਤੋ ਪ੍ਰਭਾਵਿਤ ਹੋਣਾ ਇੱਕ ਅਲੱਗ ਗੱਲ ਆ ਪਰ ਹਮੇਸ਼ਾ ਹੀ ਕਿਸੇ ਦੀ ਨਕਲ ਕਰਨੀ ਮਾੜੀ ਗੱਲ ਹੈ ਤੇ ਇਹੀ ਚੂਹਾ ਦੌੜ ਆ । ਇਹ ਦੌੜ ਕਦੇ ਖ਼ਤਮ ਨਹੀਂ ਹੋ ਸਕਦੀ ਜਿੰਨਾ ਚਿਰ ਅਸੀਂ ਆਪਣੀ ਜ਼ਿੰਦਗੀ ਦਾ ਮਕਸਦ ਨਹੀਂ ਪਤਾ ਕਰਦੇ, ਜ਼ਿੰਦਗੀ ਨੂੰ ਦੇਖਣ ਦਾ ਨਜ਼ਰੀਆ ਨਹੀਂ ਬਦਲਦੇ। ਮੇਰੇ ਕੋਲ ਸਾਡੇ ਹੀ ਪਿੰਡ ਦਾ ਇੱਕ ਗਿਆਰਵੀ ਵਿਚ ਪੜ੍ਹਦਾ ਮੁੰਡਾ ਆਇਆ ਤੇ ਕਹਿੰਦਾ "ਭਾਬੀ ਜੀ ਮੈ ਅੱਜ ਤੱਕ ਸਿਲੇਬਸ ਦੀਆਂ ਕਿਤਾਬਾਂ ਤੋਂ ਬਿਨਾਂ ਕੋਈ ਕਿਤਾਬ ਨਹੀਂ ਪੜ੍ਹੀ । ਮੈ ਜ਼ਿੰਦਗੀ ਨੂੰ ਆਪਣੇ ਆਪ ਨੂੰ ਸਮਝਣਾ ਚਾਹੁੰਦਾ ਆ। ਮਤਲਬ ਮੈ ਕੁਝ ਅਲੱਗ ਕਰਨਾ ਹੈ।"

ਇਸ ਤੋਂ ਪਹਿਲਾ ਬਹੁਤ ਪਾਠਕ ਆਉਂਦੇ ਆ ਪਰ ਉਹ ਸਿੱਧਾ ਕਿਤਾਬ ਲੈਕੇ ਵਾਪਿਸ ਹੋ ਜਾਂਦੇ ਆ ਜ਼ਿਆਦਾ ਗੱਲ ਬਾਤ ਨਹੀਂ ਹੁੰਦੀ। ਪਰ ਇਹ ਮੁੰਡੇ ਦੇ ਚਿਹਰੇ ਇੱਕ ਅਲੱਗ ਕਿਸਮ ਦੀ ਚਮਕ ਸੀ ।

ਮੈ ਕਿਹਾ "ਤੂੰ ਅਜਿਹਾ ਅਲੱਗ ਕੀ ਕਰਨਾ ??"

" ਇਹ ਤਾਂ ਮੈਨੂੰ ਵੀ ਨਹੀ ਪਤਾ ਪਰ ਹੁਣ ਮੈਂ ਇਹ ਚੂਹਾ ਦੌੜ ਵਿਚ ਹੋਰ ਨਹੀ ਭੱਜਣਾ।"

ਸਹੀ ਦੱਸਾਂ ਤਾਂ ਮੈਨੂੰ ਅਜਿਹੇ ਸ਼ਬਦ ਦੀ ਬਿਲਕੁਲ ਆਸ ਨਹੀਂ ਸੀ ਉਹ ਵੀ ਗਿਆਰਵੀਂ ਜਮਾਤ ਦੇ ਵਿਦਿਆਰਥੀ ਤੋਂ । ਮੈ ਕੁਝ ਬੋਲਦੀ ਉਹ ਪਹਿਲਾ ਹੀ ਬੋਲ ਪਿਆ ਤੇ ਆਪਣੇ ਫ਼ੋਨ ਨੂੰ ਖੋਲ ਕੇ ਕਹਿੰਦਾ ਇੱਕ "48 law's of power, power of subconscious mind, The Alchemist ਇਹ ਤਿੰਨੇ ਕਿਤਾਬਾਂ ਮਿਲ ਜਾਣਗੀਆਂ।"

ਮੈ ਕਿਹਾ "ਹਾਂ! ਇਹ ਪੰਜਾਬੀ ਅਤੇ ਅੰਗਰੇਜ਼ੀ ਦੋਨਾਂ ਵਿਚ ਮਿਲ ਜਾਣਗੀਆਂ।"

"ਕੋਈ ਹੋਰ ਜਿਹੜੀ ਤੁਹਾਨੂੰ ਪਤਾ ਹੋਵੇ ਜ਼ਿੰਦਗੀ ਬਾਰੇ....??"

" ਇਹਨਾਂ ਕਿਤਾਬਾਂ ਬਾਰੇ ਤੈਨੂੰ ਕਿਸਨੇ ਦੱਸਿਆ ..??"

" ਮੈ ਯੂ ਟਿਊਬ ਤੇ ਵੀਡਿਓ ਦੇਖੀ ਸੀ ਤੇ ਫੇਰ ਮੈ pdf ਲੱਭ ਲਏ ਇਹਨਾਂ ਦੇ ਪਰ ਮੈਨੂੰ ਸਮਝ ਨਹੀਂ ਆਈ ।"

ਮੈ ਤਿੰਨੇ ਕਿਤਾਬਾਂ ਪੰਜਾਬੀ ਵਿਚ ਕੱਢ ਦਿੱਤੀਆਂ। ਜਿਸ ਹਿਸਾਬ ਨਾਲ ਉਹ ਕਿਤਾਬਾਂ ਨੂੰ ਚੈੱਕ ਕਰ ਰਿਹਾ ਸੱਚਮੁੱਚ ਉਹ ਅਲੱਗ ਸੀ।

" ਮੈਨੂੰ ਕੋਈ 2 ਕਿਤਾਬਾਂ ਹੋਰ ਦੱਸੋ ਮੈਂ ਜਿਹੜੀਆਂ ਜ਼ਿੰਦਗੀ ਬਾਰੇ ਹੋਣ।"

ਮੈ ਇੱਕ ਤਾਂ ਚਾਲੀ ਦਿਨ ਤੇ ਦੂਜੀ ਰਹੱਸ ( the secret) ਫੜਾ ਦਿੱਤੀਆਂ ਤੇ ਕਿਹਾ " ਤੁਸੀ ਪੜ੍ਹਕੇ ਵਾਪਿਸ ਵੀ ਕਰ ਸਕਦੇ ਹੋ।"

"ਨਹੀਂ ! ਮੈ ਵਾਪਿਸ ਨਹੀਂ ਕਰਾਂਗਾ ਮੈਂ ਆਪਣੀ ਲਾਇਬ੍ਰੇਰੀ ਬਣਾ ਰਿਹਾ।"

ਏਨੇ ਨੂੰ ਮੇਰੀ ਮੰਮੀ ਚਾਹ ਬਣਾ ਕੇ ਲੈ ਆਈ । ਉਸਨੇ ਝੁਕ ਕੇ ਪੈਰੀ ਹੱਥ ਲਾਏ।

ਮੰਮੀ " ਪੁੱਤ! ਮੈ ਤੈਨੂੰ ਜਾਣਦੀ ਨਹੀ।"

ਆਪਣੇ ਦਾਦੇ ਦਾ ਨਾਮ ਲੈਕੇ ਉਸਨੇ ਆਪਣੇ ਆਪ ਨੂੰ ਜਾਣੂ ਕਰਵਾਇਆ । ਉਸ ਮੁੰਡੇ ਦਾ ਹਰ ਕੰਮ ਨੂੰ ਕਰਨ ਦਾ ਢੰਗ ਹੀ ਅਲੱਗ ਲਗਦਾ ਸੀ ।

ਚਾਹ ਪੀਂਦੇ ਪੀਂਦੇ ਉਸਨੇ ਮੈਨੂੰ ਪੁੱਛਿਆ "ਨਰਿੰਦਰ ਕਪੂਰ ਦੀਆਂ ਮੈ ਬਹੁਤ ਵੀਡਿਓ ਦੇਖੀਆਂ ਉਸਦੀਆਂ ਕਿਤਾਬਾਂ ਮਿਲ ਜਾਣਗੀਆਂ।"

ਮੇਰੀ ਸਿੱਧੀ ਨਜ਼ਰ ਕਪੂਰ ਸਾਬ ਦੀ ਜੀਵਨੀ ਤੇ ਪਈ ਤੇ ਮੈ ਕਿਹਾ "ਇਹ ਮੇਰੇ ਵੱਲੋ ਗਿਫ਼ਟ ਆ ।"

ਉਹ ਕਿਤਾਬਾਂ ਲੈਕੇ ਚਲਾ ਗਿਆ ਪਰ ਉਸਦੇ ਅੰਦਰ ਕੁੱਝ ਅਲੱਗ ਕਰਨ ਦੀ ਲਲਕ ਤੇ ਉਸਦਾ ਸ਼ਬਦ "ਚੂਹਾ ਦੌੜ" ਜਿਸਦੇ ਬਾਰੇ ਮੈ ਸਾਰੀ ਰਾਤ ਸੋਚਦੀ ਰਹੀ । ਮੈ ਆਪਣੀ ਬੀਤੀ ਹੋਈ ਜ਼ਿਦਗੀ ਵਿੱਚ ਇੱਕ ਝਾਤ ਮਾਰੀ ਬਹੁਤ ਥਾਵਾਂ ਤੇ ਮੈ ਇਸ ਚੂਹਾ ਦੌੜ ਦਾ ਹਿੱਸਾ ਵੀ ਰਹੀ ਤੇ ਬਹੁਤ ਥਾਵਾਂ ਤੇ ਇਸ ਤੋਂ ਅਲੱਗ ਹੋ ਕੇ ਵੀ ਇਕ ਰਸਤਾ ਬਣਾਇਆ ਪਰ ਫੇਰ ਮੁੜ ਕੇ ਉਸ ਦੌੜ ਵਿਚ ਸ਼ਾਮਿਲ ਹੋ ਜਾਂਦੀ ਜਿਹੜੀ ਸ਼ਾਇਦ ਕਦੇ ਨਹੀਂ ਮੁੱਕ ਸਕਦੀ । ਪਰ ਆਉਣ ਵਾਲੇ ਸਮੇਂ ਵਿੱਚ ਮੈ ਤਾਂ ਇਸ ਦਾ ਹਿੱਸਾ ਬਿਲਕੁਲ ਨਹੀਂ ਰਹਾਂਗੀ।

## ਆ ਫੋਟੋ ਹੱਥਾਂ ਵਿੱਚ ਆਈ ਕੁੱਝ ਲਿਖਣ ਦਾ ਖਿਆਲ ਆਇਆ



ਆ ਫੋਟੋ ਹੱਥਾਂ ਵਿੱਚ ਆਈ ਕੁੱਝ ਲਿਖਣ ਦਾ ਖਿਆਲ ਆਇਆ। ਲਿਖਣ ਸਮੇਂ ਲੱਗਿਆ , ਕੁੱਝ ਰਿਸ਼ਤਿਆਂ ਦਾ ਸਾਥ ਲਿਖਣ ਸਮੇਂ ਰੱਬ ਆਪਣੇ ਹੱਥੀਂ ਦਸਤਖ਼ਤ ਕਰਦਾ ਹੋਣਾ। ਸਬਰ ਸੰਤੋਖ ਵਾਲੀ ਪੀੜ੍ਹੀ ਰੱਬ ਦਾ ਦੂਜਾ ਰੂਪ ਹੀ ਲਗਦੀ ਐ। ਇਹਨਾਂ ਵੱਲ ਵੇਖਕੇ ਸਿੱਧਾ ਰੱਬ ਵੱਲ ਮਨ ਅਤੇ ਧਿਆਨ ਜਾਂਦਾ। ਵੱਟ ਟੇਢੀ ਪਾਉਣ ਉੱਤੇ ਪਈਆਂ ਝਿੜਕਾਂ ਤੋਂ ਸਮਝ ਲਗਦੀ ਮਨ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੈ। ਜਿਵੇਂ ਅਰਦਾਸ ਵਿੱਚ ਕਿਹਾ ਜਾਂਦਾ ਧਿਆਨ ਧਰਕੇ ਬੋਲੋ ਜੀ। ਸਾਡੇ ਲਈ ਅਰਦਾਸਾਂ ਕਰਨ ਅਤੇ ਧਿਆਨ ਧਰਕੇ ਸਿੱਧੇ ਓੜੇ ਕੱਢਣ ਵਾਲੇ ਮਨ ਵਿੱਚ ਸੋਚਦਾਂ ਪਤਾ ਨਹੀਂ ਕੀ ਸੋਚਦੇ ਹੋਣਗੇ ? ਸੋਚਦਾਂ ਕਿ ਜਿਨਾ ਲੋਕ ਸੋਚਦੇ ਉਸਤੋਂ ਦੁੱਗਣਾ ਸੋਚਦੇ ਹੋਣਗੇ। ਫੇਰ ਸੋਚਦਾਂ ਉਹਨਾਂ ਬਾਰੇ ਸੋਚਦੇ ਹੋਣਗੇ ਜਿਹੜੀਆਂ ਔਰਤਾਂ ਪੱਲਾ ਫੜ੍ਹਕੇ ਘਰ ਨੂੰ ਨਸਲੀ ਛੋਹ ਦਿੰਦੇ ਲੱਕੜ ਦੇ ਸੰਦੂਕ , ਪਿੱਤਲ ਦੇ ਭਾਂਡੇ ਲੈਕੇ ਵੱਡੇ ਘਰ ਕੱਚੇ ਵਿਹੜੇ ਖੇਤ ਦੇ ਕੱਚੇ ਰਾਹਾਂ ਵਿੱਚ ਆਪਣੀਆਂ ਨਿੱਕੀਆਂ - ਨਿੱਕੀਆਂ ਪੈੜਾਂ ਰਲਾ ਗਈਆਂ।

ਅਸਲ ਵਿੱਚ ਸਮਾਂ ਹਮੇਸ਼ਾ ਤੁਹਾਡੇ ਅਸਲ ਰਾਹ ਅਤੇ ਰਿਸ਼ਤੇ ਪੈਦਾ ਕਰਦਾ। ਇੱਕ ਵਾਰ ਹਿੱਟਲਰ ਦੇ ਕਹਿਰ ਵਰਤਾਉਂਦਿਆਂ ਵੇਖ ਦੋ ਭਰਾਵਾਂ ਪੋਲੈਂਡ ਦੇ ਟ੍ਰੈਬਲਿੰਕਾ ਕੈਂਪ ਦੌਰਾਨ ਲਾਈਨ ਵਿੱਚ ਇੱਕ-ਦੂਜੇ ਨੂੰ ਜ਼ੋਰ ਨਾਲ ਗਲੇ ਲਾਇਆ। ਪਿੱਛੇ ਸਿਪਾਹੀ ਖੜ੍ਹੇ ਜਿਨ੍ਹਾਂ ਕੋਲ ਹਥਿਆਰ ਸਨ। ਵੱਡੇ ਭਰਾ ਨੇ ਛੋਟੇ ਨੂੰ ਗਲੇ ਲਾ ਕੇ ਕਿਹਾ , ਡਰ ਨਾ ਮੈਂ ਤੈਨੂੰ ਲੱਭ ਲਵਾਂਗਾ। ਇਹ ਦੋਵੇਂ ਫਿਰ ਧੂੰਏਂ ਵਿੱਚ ਗਾਇਬ ਹੋ ਗਏ। ਦੂਰ ਧੂੰਆ ਉੱਠਦਾ ਦਿੱਸ ਰਿਹਾ ਜੋ ਉਸ ਵੇਲੇ ਦੀਆਂ ਭਿਆਨਕ ਘਟਨਾਵਾਂ ਦੀ ਨਿਸ਼ਾਨੀ ਸੀ।

ਘਟਨਾਵਾਂ ਨੂੰ ਲਿਖਣ ਲੱਗਾ ਆਪਣੀ ਉਮਰ ਤੋਂ ਦੁੱਗਣਾ ਹੋ ਜਾਂਦਾ ਹਾਂ ਪਰ ਉਮਰ ਤੋਂ ਵੱਡਾ ਹੋਕੇ ਫੈਸਲੇ ਲੈਣਾ ਸਭ ਤੋਂ ਵੱਡਾ ਬਚਪਨਾ ਹੈ। ਮੈਂ ਵੀ ਆਪਣੇ ਵੱਡਿਆਂ ਤੋਂ ਇਹੀ ਸਿੱਖਿਆ ਕਿ ਕੋਈ ਤੁਹਾਡੇ ਅੱਗੇ ਆਪਣਾ ਦੁੱਖ ਰੱਖੇ ਉਸਨੂੰ ਆਪਣੀ ਅਕਲ ਨਹੀਂ ਬੁੱਕਲ ਦਿਓ। ਮਨ ਪਸੰਦ ਇਨਸਾਨ ਅੱਗੇ ਅੱਜ ਵੀ ਨਿਆਣਾ ਹੀ ਆਂ। ਫੇਰ ਉਹੀ ਉਮਰ ਤੋਂ ਵੱਡੀ ਗੱਲ ਬੇਸ਼ੱਕ ਇਹ ਮੇਰੇ ਵਿੱਚ ਆਪਣਾ ਬਚਪਨ ਵੇਖਦੇ ਹਨ ਪਰ ਮੈਂ ਇਹਨਾਂ ਵਿੱਚ ਆਪਣਾ ਬੁਢਾਪਾ ਵੇਖਦਾਂ। ਸਾਡੇ ਸਮਾਜ ਵਿੱਚ ਅਕਸਰ ਵੇਖਿਆ ਜਾਂਦਾ ਕਿ ਕੁੜੀ ਵੀ ਉਹ ਕਿਸਮਤ ਵਾਲੀ ਮੰਨੀ ਜਾਂਦੀ , ਜਿਹੜੀ ਆਪਣੇ ਜਨਮ ਬਾਅਦ ਪਿੱਛੇ ਭਰਾ ਲੈਕੇ ਆਵੇ। ਪਰ ਇਹ ਭੁੱਲ ਜਾਂਦੇ ਜਿਵੇਂ ਵਰਦੇ ਮੀਂਹ ਵਿੱਚ ਸੱਥਰਾਂ ਉੱਤੇ ਬੰਨ੍ਹੀਆਂ ਚਾਨਣੀਆਂ ਹੇਠ ਵੱਡੇ ਭਾਂਡੇ ਰੱਖੇ ਜਾਂਦੇ। ਓਵੇਂ ਮੁੰਡਿਆਂ ਨੂੰ ਵੀ ਵੱਡੇ ਭਰਾ ਦੀ ਲੋੜ ਹੁੰਦੀ ਐ। ਹੁਣ ਸਮਝ ਆਈ ਹੈ ਬੇਬੇ ਨੂੰ ਪੁੱਤਾਂ ਦੀ ਜੋੜੀ ਦਾ ਚਾਅ ਕਿਓਂ ਸੀ।

ਜਗਤਾਰ ਸਿੰਘ ਧਾਲੀਵਾਲ
ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

## ਸ਼ੁਕਰਾਨਾ: ਸਕੂਨ ਦੀ ਸਭ ਤੋਂ ਪਹਿਲੀ ਪੌੜੀ



ਸਨਦੀਪ ਸਿੱਧੂ - 9463661542

ਸਾਡੀ ਇਨਸਾਨੀ ਫਿਤਰਤ ਬੜੀ ਅਜੀਬ ਹੈ। ਸਾਡੀ ਨਜ਼ਰ ਅਕਸਰ ਉਸ ਚੀਜ਼ 'ਤੇ ਟਿਕੀ ਰਹਿੰਦੀ ਹੈ ਜੋ ਸਾਡੇ ਕੋਲ "ਨਹੀਂ" ਹੈ। ਅਸੀਂ ਆਪਣੀ ਪੂਰੀ ਜ਼ਿੰਦਗੀ ਉਨ੍ਹਾਂ ਕਮੀਆਂ ਨੂੰ ਗਿਣਨ ਵਿੱਚ ਲਗਾ ਦਿੰਦੇ ਹਾਂ ਜੋ ਸਾਡੇ ਮੁਤਾਬਕ ਪੂਰੀਆਂ ਨਹੀਂ ਹੋਈਆਂ। ਪਰ ਇਸ ਦੌੜ ਵਿੱਚ, ਅਸੀਂ ਉਨ੍ਹਾਂ ਬੇਸ਼ਕੀਮਤੀ ਨਿਆਮਤਾਂ ਨੂੰ ਅਣਗੌਲਿਆ ਕਰ ਦਿੰਦੇ ਹਾਂ ਜੋ ਸਾਨੂੰ ਬਿਨਾਂ ਮੰਗੇ ਮਿਲੀਆਂ ਹਨ।

"ਸ਼ੁਕਰਾਨਾ" (Gratitude) ਸਿਰਫ਼ ਹੱਥ ਜੋੜ ਕੇ "ਧੰਨਵਾਦ" ਕਹਿਣ ਦਾ ਨਾਮ ਨਹੀਂ ਹੈ। ਇਹ ਤਾਂ ਮਨ ਦੀ ਇੱਕ ਅਜਿਹੀ ਡੂੰਘੀ ਅਵਸਥਾ ਹੈ, ਜਦੋਂ ਤੁਹਾਨੂੰ ਅੰਦਰੋਂ ਇਹ ਮਹਿਸੂਸ ਹੋਵੇ ਕਿ ਜੋ ਕੁਝ ਮੇਰੇ ਕੋਲ ਅੱਜ ਹੈ —ਮੇਰੀ ਸਿਹਤ, ਮੇਰਾ ਪਰਿਵਾਰ, ਮੇਰੀਆਂ ਸਾਹਾਂ, ਸਿਰ 'ਤੇ ਛੱਤ—ਇਹ ਸਭ ਮੇਰੀ ਔਕਾਤ ਤੋਂ ਕਿਤੇ ਵੱਧ ਹੈ।

ਅਸੀਂ ਸਵੇਰੇ ਉੱਠਣ ਨੂੰ ਇੱਕ ਮਾਮੂਲੀ ਗੱਲ ਸਮਝਦੇ ਹਾਂ, ਪਰ ਸੋਚੋ, ਕਿੰਨੇ ਲੋਕ ਅੱਜ ਦਾ ਸੂਰਜ ਦੇਖਣ ਲਈ ਜਾਗ ਹੀ ਨਹੀਂ ਸਕੇ। ਅਸੀਂ ਰੋਜ਼ਾਨਾ ਦੇ ਖਾਣੇ ਵਿੱਚ ਨੁਕਸ ਕੱਢਦੇ ਹਾਂ, ਪਰ ਦੁਨੀਆ ਵਿੱਚ ਕਿੰਨੇ ਲੋਕ ਹਨ ਜੋ ਇੱਕ ਵਕਤ ਦੀ ਰੋਟੀ ਲਈ ਤਰਸਦੇ ਹਨ। ਜਦੋਂ ਅਸੀਂ ਇਨ੍ਹਾਂ ਨਿੱਕੀਆਂ-ਨਿੱਕੀਆਂ ਲੱਗਣ ਵਾਲੀਆਂ ਵੱਡੀਆਂ ਬਰਕਤਾਂ ਦਾ ਅਹਿਸਾਸ ਕਰਨਾ ਸ਼ੁਰੂ ਕਰਦੇ ਹਾਂ, ਤਾਂ ਸਾਡੇ ਅੰਦਰੋਂ ਸ਼ਿਕਾਇਤਾਂ ਦਾ ਸ਼ੋਰ ਆਪਣੇ ਆਪ ਸ਼ਾਂਤ ਹੋਣ ਲੱਗਦਾ ਹੈ।

ਜਦੋਂ ਤੁਸੀਂ ਸ਼ੁਕਰਾਨੇ ਦੇ ਭਾਵ ਨਾਲ ਜਿਉਂਦੇ ਹੋ, ਤਾਂ ਇਹ ਨਹੀਂ ਕਿ ਤੁਹਾਡੀ ਜ਼ਿੰਦਗੀ ਵਿੱਚ ਮੁਸ਼ਕਿਲਾਂ ਆਉਣੀਆਂ ਬੰਦ ਹੋ ਜਾਣਗੀਆਂ। ਪਰ ਹਾਂ, ਉਨ੍ਹਾਂ ਮੁਸ਼ਕਿਲਾਂ ਨੂੰ ਦੇਖਣ ਦਾ ਤੁਹਾਡਾ ਨਜ਼ਰੀਆ ਜ਼ਰੂਰ ਬਦਲ ਜਾਵੇਗਾ। ਤੁਹਾਨੂੰ ਸਮਝ ਆਉਣ ਲੱਗੇਗੀ ਕਿ ਜੇ ਕੁਦਰਤ ਨੇ ਇੱਕ ਦਰਵਾਜ਼ਾ ਬੰਦ ਕੀਤਾ ਹੈ, ਤਾਂ ਉਸਨੇ ਹਵਾ ਲਈ ਕੋਈ ਖਿੜਕੀ ਜ਼ਰੂਰ ਖੁੱਲ੍ਹੀ ਰੱਖੀ ਹੋਵੇਗੀ।

ਆਓ, ਅੱਜ ਤੋਂ ਇੱਕ ਨਵੀਂ ਆਦਤ ਪਾਈਏ। ਮੰਗਣ ਦੀ ਬਜਾਏ, ਜੋ ਮਿਲਿਆ ਹੈ ਉਸਦਾ ਸ਼ੁਕਰ ਕਰਨਾ ਸਿੱਖੀਏ। ਕਿਉਂਕਿ ਇੱਕ ਸ਼ੁਕਰਗੁਜ਼ਾਰ ਦਿਲ ਵਿੱਚ ਹੀ ਅਸਲ ਖੁਸ਼ੀ ਅਤੇ ਸ਼ਾਂਤੀ ਦਾ ਵਾਸ ਹੁੰਦਾ ਹੈ। ਜਿਸਦੇ ਕੋਲ ਸਬਰ ਹੈ ਅਤੇ ਦਿਲ ਵਿੱਚ ਸ਼ੁਕਰਾਨਾ ਹੈ, ਉਸ ਤੋਂ ਅਮੀਰ ਇਨਸਾਨ ਇਸ ਦੁਨੀਆ ਵਿੱਚ ਕੋਈ ਨਹੀਂ।

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

## ਸੁਪਰੀਮ ਕੋਰਟ ਨੇ ਭਾਰਤ ਵਿੱਚ ਲੜਕੀਆਂ ਦੀ ਸਿੱਖਿਆ ਅਤੇ ਸਿਹਤ ਨੂੰ ਲੈ ਕੇ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਫੈਸਲਾ ਸੁਣਾਇਆ

### ਸਕੂਲਾਂ ਵਿੱਚ ਪੜ੍ਹਦੀਆਂ ਕੁੜੀਆਂ ਨੂੰ ਮੁਫਤ ਸੈਨੇਟਰੀ ਪੈਡ ਮਿਲਣਗੇ।



ਸੁਪਰੀਮ ਕੋਰਟ ਨੇ ਭਾਰਤ ਵਿੱਚ ਲੜਕੀਆਂ ਦੀ ਸਿੱਖਿਆ ਅਤੇ ਸਿਹਤ ਨੂੰ ਲੈ ਕੇ ਇੱਕ ਬਹੁਤ ਵੱਡਾ ਅਤੇ ਇਤਿਹਾਸਕ ਫੈਸਲਾ ਸੁਣਾਇਆ ਹੈ। ਇਸ ਫੈਸਲੇ ਅਨੁਸਾਰ ਹੁਣ ਦੇਸ਼ ਦੇ ਸਾਰੇ ਸਕੂਲਾਂ ਵਿੱਚ ਪੜ੍ਹਦੀਆਂ ਕੁੜੀਆਂ ਨੂੰ ਮੁਫਤ ਸੈਨੇਟਰੀ ਪੈਡ ਮਿਲਣਗੇ। ਇਹ ਫੈਸਲਾ 30 ਜਨਵਰੀ 2026 ਨੂੰ ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਆਰ. ਮਹਾਦੇਵਨ ਦੀ ਬੈਂਚ ਨੇ ਦਿੱਤਾ ਹੈ। ਅਦਾਲਤ ਨੇ ਮਾਹਵਾਰੀ ਸਿਹਤ (Menstrual Health) ਨੂੰ ਸੰਵਿਧਾਨ ਦੀ ਧਾਰਾ 21 ਅਧੀਨ ਜਿਊਣ ਦੇ ਅਧਿਕਾਰ ਦਾ ਅਹਿਮ ਹਿੱਸਾ ਮੰਨਿਆ ਹੈ। ਇਸ ਨਾਲ ਲੜਕੀਆਂ ਦੀ ਮਾਨ-ਮਰਿਆਦਾ, ਸਿਹਤ ਅਤੇ ਸਿੱਖਿਆ ਨੂੰ ਸੁਰੱਖਿਅਤ ਕਰਨ ਵਿੱਚ ਵੱਡੀ ਮਦਦ ਮਿਲੇਗੀ।

ਅਦਾਲਤ ਨੇ ਸਾਫ਼ ਕਿਹਾ ਕਿ ਮਾਹਵਾਰੀ ਦੌਰਾਨ ਸੈਨੇਟਰੀ ਪੈਡ ਵਰਗੇ ਸਾਧਨਾਂ ਦੀ ਘਾਟ ਕੁੜੀਆਂ ਦੀ ਇੱਜ਼ਤ ਨੂੰ ਠੇਸ ਪਹੁੰਚਾਉਂਦੀ ਹੈ ਅਤੇ ਉਨ੍ਹਾਂ ਦੀ ਪੜ੍ਹਾਈ ਵਿੱਚ ਰੁਕਾਵਟ ਪਾਉਂਦੀ ਹੈ। ਬਹੁਤ ਸਾਰੀਆਂ ਲੜਕੀਆਂ ਇਸ ਕਰਕੇ ਸਕੂਲ ਛੱਡ ਦਿੰਦੀਆਂ ਹਨ ਜਾਂ ਕਈ ਦਿਨ ਗੈਰਹਾਜ਼ਰ ਰਹਿੰਦੀਆਂ ਹਨ। ਇਸ ਸਮੱਸਿਆ ਨੂੰ ਖਤਮ ਕਰਨ ਲਈ ਅਦਾਲਤ ਨੇ ਕੇਂਦਰ ਸਰਕਾਰ ਅਤੇ ਸਾਰੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਖ਼ਤ ਹੁਕਮ ਜਾਰੀ ਕੀਤੇ ਹਨ।

ਮੁੱਖ ਨਿਰਦੇਸ਼ ਇਹ ਹਨ:ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ ਅਤੇ ਨਿੱਜੀ ਸਕੂਲਾਂ ਵਿੱਚ ਕਲਾਸ 6 ਤੋਂ 12 ਤੱਕ ਪੜ੍ਹਦੀਆਂ ਵਿਦਿਆਰਥਣਾਂ ਨੂੰ ਮੁਫਤ ਆਕਸੋ-ਬਾਇਓਡੀਗ੍ਰੇਡੇਬਲ (ਜੈਵਿਕ ਤੌਰ 'ਤੇ ਘੁਲਣ ਵਾਲੇ) ਸੈਨੇਟਰੀ ਪੈਡ ਦੇਣੇ ਜ਼ਰੂਰੀ ਹੋਣਗੇ। ਇਹ ਪੈਡ ਉੱਚ ਮਿਆਰ ਦੇ ਹੋਣੇ ਚਾਹੀਦੇ ਹਨ ਅਤੇ ਇਹਨਾਂ ਨੂੰ ਸਕੂਲ ਦੇ ਟਾਇਲੈਟਾਂ ਵਿੱਚ ਜਾਂ ਨੇੜੇ ਵੈਂਡਿੰਗ ਮਸ਼ੀਨਾਂ ਰਾਹੀਂ ਆਸਾਨੀ ਨਾਲ ਉਪਲਬਧ ਕਰਵਾਇਆ ਜਾਵੇ। ਹਰ ਸਕੂਲ ਵਿੱਚ ਲੜਕੇ ਅਤੇ ਲੜਕੀਆਂ ਲਈ ਵੱਖਰੇ, ਸਾਫ਼-ਸੁਥਰੇ ਅਤੇ ਪਾਣੀ-ਸਾਬਣ ਵਾਲੇ ਪਖਾਨੇ ਹੋਣੇ ਚਾਹੀਦੇ ਹਨ। ਇਹਨਾਂ ਵਿੱਚ ਅਪੰਗਤਾ ਵਾਲੇ ਬੱਚਿਆਂ ਲਈ ਵੀ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

ਸਕੂਲਾਂ ਵਿੱਚ 'ਮਾਹਵਾਰੀ ਸਿਹਤ ਪ੍ਰਬੰਧਨ ਕਾਰਨਰ' ਬਣਾਏ ਜਾਣਗੇ। ਇੱਥੇ ਸਪੇਅਰ ਯੂਨੀਫਾਰਮ, ਅੰਡਰਵੀਅਰ, ਵਾਧੂ ਪੈਡ ਅਤੇ ਹੋਰ ਜ਼ਰੂਰੀ ਚੀਜ਼ਾਂ ਰੱਖੀਆਂ ਜਾਣਗੀਆਂ ਤਾਂ ਜੋ ਕਿਸੇ ਵੀ ਐਮਰਜੈਂਸੀ ਵਿੱਚ ਮਦਦ ਮਿਲ ਸਕੇ।

ਸੈਨੇਟਰੀ ਵੇਸਟ (ਵਰਤੇ ਹੋਏ ਪੈਡ) ਨੂੰ ਸਹੀ ਤਰੀਕੇ ਨਾਲ ਨਿਪਟਾਉਣ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ।ਸਕੂਲਾਂ ਵਿੱਚ ਮਾਹਵਾਰੀ ਅਤੇ ਪਿਊਬਰਟੀ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ ਤਾਂ ਜੋ ਲੜਕੀਆਂ ਬਿਨਾਂ ਸ਼ਰਮ ਜਾਂ ਵਿਤਕਰੇ ਦੇ ਪੜ੍ਹ ਸਕਣ।ਅਦਾਲਤ ਨੇ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਨਿੱਜੀ ਸਕੂਲ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ। ਸਰਕਾਰੀ ਸਕੂਲਾਂ ਵਿੱਚ ਅਣਗਹਿਲੀ ਲਈ ਸੂਬਾ ਸਰਕਾਰਾਂ ਸਿੱਧੇ ਜ਼ਿੰਮੇਵਾਰ ਹੋਣਗੀਆਂ। ਇਹ ਫੈਸਲਾ ਕੇਂਦਰ ਸਰਕਾਰ ਦੀ 'ਮੈਨਸਟ੍ਰੂਅਲ ਹਾਈਜੀਨ ਪਾਲਿਸੀ ਫਾਰ ਸਕੂਲ-ਗੋਇੰਗ ਗਰਲਜ਼' ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਨਾਲ ਜੁੜਿਆ ਹੈ।ਇਹ ਫੈਸਲਾ ਲੜਕੀਆਂ ਦੇ ਅਧਿਕਾਰਾਂ ਲਈ ਇੱਕ ਵੱਡੀ ਜਿੱਤ ਹੈ। ਇਸ ਨਾਲ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਲੱਖਾਂ ਲੜਕੀਆਂ ਨੂੰ ਫਾਇਦਾ ਹੋਵੇਗਾ। ਲੁਧਿਆਣਾ ਵਰਗੇ ਸ਼ਹਿਰਾਂ ਵਿੱਚ ਵੀ ਸਕੂਲਾਂ ਨੂੰ ਇਸ ਨੂੰ ਤੁਰੰਤ ਅਮਲ ਵਿੱਚ ਲਿਆਉਣਾ ਪਵੇਗਾ। ਇਸ ਫੈਸਲੇ ਨਾਲ ਲੜਕੀਆਂ ਦੀ ਪੜ੍ਹਾਈ ਵਿੱਚ ਵਧੇਰੇ ਬਰਾਬਰੀ ਆਵੇਗੀ ਅਤੇ ਸਿਹਤ ਸਬੰਧੀ ਸਮੱਸਿਆਵਾਂ ਘਟਣਗੀਆਂ। ਇਹ ਇੱਕ ਅਜਿਹਾ ਕਦਮ ਹੈ ਜੋ ਸਮਾਜ ਵਿੱਚ ਮਾਹਵਾਰੀ ਨੂੰ ਲੈ ਕੇ ਚੱਲ ਰਹੇ ਵਿਤਕਰੇ ਨੂੰ ਖਤਮ ਕਰਨ ਵੱਲ ਵਧੇਰੇ ਅੱਗੇ ਵਧਾਏਗਾ।

## ਕਪੂਰਥਲਾ ਵਿੱਚ ਪੈਟਰੋਲ ਨਾਲ ਭਰਿਆ ਟੈਂਕਰ ਪਲਟਣ ਨਾਲ ਹੜਕੰਪ ਮਚ ਗਿਆ



ਕਪੂਰਥਲਾ ਵਿੱਚ ਪੈਟਰੋਲ ਨਾਲ ਭਰਿਆ ਟੈਂਕਰ ਪਲਟਣ ਨਾਲ ਹੜਕੰਪ ਮਚ ਗਿਆ। ਇਹ ਘਟਨਾ 30 ਜਨਵਰੀ 2026 ਨੂੰ ਦੁਪਹਿਰ ਵੇਲੇ ਵਾਪਰੀ ਜਦੋਂ ਸੁਲਤਾਨਪੁਰ ਲੋਧੀ ਵੱਲੋਂ ਆ ਰਿਹਾ ਇੱਕ ਪੈਟਰੋਲ ਟੈਂਕਰ ਤੇਜ਼ ਰਫ਼ਤਾਰ ਕਾਰਨ ਬੇਕਾਬੂ ਹੋ ਗਿਆ ਅਤੇ ਲਾਲਾ ਮੰਡੀ ਖੇਤਰ ਵਿੱਚ ਪਲਟ ਗਿਆ। ਟੈਂਕਰ ਪਲਟਣ ਨਾਲ ਪੈਟਰੋਲ ਸੜਕ ਤੇ ਆਲੇ-ਦੁਆਲੇ ਦੀ ਜ਼ਮੀਨ ਤੇ ਫੈਲ ਗਿਆ ਜਿਸ ਨਾਲ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਰਿਪੋਰਟ ਮੁਤਾਬਕ ਟੈਂਕਰ ਸੁਲਤਾਨਪੁਰ ਲੋਧੀ ਤੋਂ ਆ ਰਿਹਾ ਸੀ ਅਤੇ ਤੇਜ਼ ਰਫ਼ਤਾਰ ਨੇ ਇਸ ਨੂੰ ਕੰਟਰੋਲ ਤੋਂ ਬਾਹਰ ਕਰ ਦਿੱਤਾ। ਪਲਟਣ ਤੋਂ ਬਾਅਦ ਪੈਟਰੋਲ ਦੀ ਮਾਤਰਾ ਵੱਡੀ ਸੀ ਜਿਸ ਕਾਰਨ ਇਹ ਤੇਜ਼ੀ ਨਾਲ ਫੈਲਿਆ। ਇਸ ਦੌਰਾਨ ਕੁਝ ਸਥਾਨਕ ਲੋਕਾਂ ਨੇ ਬਾਲਟੀਆਂ ਤੇ ਡੱਬੇ ਲੈ ਕੇ ਪੈਟਰੋਲ ਭਰਨਾ ਸ਼ੁਰੂ ਕਰ ਦਿੱਤਾ। ਕੁਝ ਲੋਕ ਪੁਲਿਸ ਕੋਲੋਂ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ "ਸਿਰਫ਼ ਦੋ ਲੀਟਰ ਪੈਟਰੋਲ" ਲੈਣ ਦੀ ਇਜਾਜ਼ਤ ਦਿੱਤੀ ਜਾਵੇ। ਪੁਲਿਸ ਨੇ ਸਖ਼ਤੀ ਨਾਲ ਇਹਨਾਂ ਲੋਕਾਂ ਨੂੰ ਹਟਾਇਆ ਅਤੇ ਚੇਤਾਵਨੀ ਦਿੱਤੀ ਕਿ ਅਜਿਹੀ ਲਾਪਰਵਾਹੀ ਨਾਲ ਵੱਡਾ ਹਾਦਸਾ ਵਾਪਰ ਸਕਦਾ ਹੈ ਜਿਸ ਨਾਲ ਜਾਨਾਂ ਤੇ ਮਾਲ ਦਾ ਭਾਰੀ ਨੁਕਸਾਨ ਹੋ ਸਕਦਾ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੇ ਤੁਰੰਤ ਐਕਸ਼ਨ ਲਿਆ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਬੁਲਾਇਆ ਗਿਆ ਅਤੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਤਾਂ ਜੋ ਅੱਗ ਜਾਂ ਵੱਡੇ ਹਾਦਸੇ ਤੋਂ ਬਚਿਆ ਜਾ ਸਕੇ। ਨੇੜੇ ਦੇ ਰਹਿਣ ਵਾਲੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਭੇਜ ਦਿੱਤਾ ਗਿਆ। ਪੁਲਿਸ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਲੋਕ ਘਟਨਾ ਵਾਲੀ ਜਗ੍ਹਾ ਤੋਂ ਦੂਰ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਵਰਤਣ। ਜੇਸੀਬੀ ਮਸ਼ੀਨਾਂ, ਫਾਇਰ ਬ੍ਰਿਗੇਡ ਅਤੇ ਪੁਲਿਸ ਅਧਿਕਾਰੀ ਮੌਕੇ ਤੇ ਮੌਜੂਦ ਹਨ ਜੋ ਟੈਂਕਰ ਨੂੰ ਸਿੱਧਾ ਕਰਨ ਅਤੇ ਫੈਲੇ ਪੈਟਰੋਲ ਨੂੰ ਸੁਰੱਖਿਅਤ ਤਰੀਕੇ ਨਾਲ ਨਸ਼ਟ ਕਰਨ ਦੀ ਕਾਰਵਾਈ ਕਰ ਰਹੇ ਹਨ।ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਘਟਨਾ ਸਥਾਨ ਤੋਂ ਦੂਰ ਰਹਿਣ, ਅਫਵਾਹਾਂ ਤੇ ਧਿਆਨ ਨਾ ਦੇਣ ਅਤੇ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਕਰਨ। ਅਧਿਕਾਰੀਆਂ ਨੇ ਕਿਹਾ ਹੈ ਕਿ ਹਾਲਾਤ ਪੂਰੀ ਤਰ੍ਹਾਂ ਕਾਬੂ ਵਿੱਚ ਹਨ ਅਤੇ ਰੈਸਕਿਊ ਆਪ੍ਰੇਸ਼ਨ ਜਾਰੀ ਹੈ।ਇਸ ਘਟਨਾ ਵਿੱਚ ਕਿਸੇ ਵੀ ਵਿਅਕਤੀ ਨੂੰ ਜ਼ਖ਼ਮੀ ਹੋਣ ਜਾਂ ਮੌਤ ਦੀ ਕੋਈ ਰਿਪੋਰਟ ਨਹੀਂ ਹੈ ਜੋ ਰਾਹਤ ਦੀ ਗੱਲ ਹੈ। ਪਰ ਤੇਜ਼ ਰਫ਼ਤਾਰ ਅਤੇ ਲੋਕਾਂ ਦੀ ਲਾਪਰਵਾਹੀ ਨੇ ਵੱਡੇ ਹਾਦਸੇ ਦਾ ਖ਼ਤਰਾ ਪੈਦਾ ਕਰ ਦਿੱਤਾ ਸੀ। ਇਹ ਘਟਨਾ ਸੜਕ ਸੁਰੱਖਿਆ ਅਤੇ ਖਤਰਨਾਕ ਵਸਤੂਆਂ ਨੂੰ ਲਿਜਾਣ ਵਾਲੇ ਵਾਹਨਾਂ ਦੇ ਡਰਾਈਵਰਾਂ ਲਈ ਇੱਕ ਵੱਡਾ ਸਬਕ ਹੈ। ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਵਿੱਚ ਅਕਸਰ ਤੇਜ਼ ਰਫ਼ਤਾਰ ਅਤੇ ਓਵਰਲੋਡਿੰਗ ਵਰਗੇ ਕਾਰਨ ਸਾਹਮਣੇ ਆਉਂਦੇ ਹਨ।
ਪ੍ਰਇਸ ਦੌਰਾਨ ਕੁਝ ਸਥਾਨਕ ਲੋਕਾਂ ਨੇ ਬਾਲਟੀਆਂ ਤੇ ਡੱਬੇ ਲੈ ਕੇ ਪੈਟਰੋਲ ਭਰਨਾ ਸ਼ੁਰੂ ਕਰ ਦਿੱਤਾ। ਕੁਝ ਲੋਕ ਪੁਲਿਸ ਕੋਲੋਂ ਮੰਗ ਕਰ ਰਹੇ ਸਨ ਕਿ ਉਹਨਾਂ ਨੂੰ "ਸਿਰਫ਼ ਦੋ ਲੀਟਰ ਪੈਟਰੋਲ" ਲੈਣ ਦੀ ਇਜਾਜ਼ਤ ਦਿੱਤੀ ਜਾਵੇ। ਪੁਲਿਸ ਨੇ ਸਖ਼ਤੀ ਨਾਲ ਇਹਨਾਂ ਲੋਕਾਂ ਨੂੰ ਹਟਾਇਆ ਅਤੇ ਚੇਤਾਵਨੀ ਦਿੱਤੀ ਕਿ ਅਜਿਹੀ ਲਾਪਰਵਾਹੀ ਨਾਲ ਵੱਡਾ ਹਾਦਸਾ ਵਾਪਰ ਸਕਦਾ ਹੈ ਜਿਸ ਨਾਲ ਜਾਨਾਂ ਤੇ ਮਾਲ ਦਾ ਭਾਰੀ ਨੁਕਸਾਨ ਹੋ ਸਕਦਾ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਨੇ ਤੁਰੰਤ ਐਕਸ਼ਨ ਲਿਆ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਬੁਲਾਇਆ ਗਿਆ ਅਤੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਤਾਂ ਜੋ ਅੱਗ ਜਾਂ ਵੱਡੇ ਹਾਦਸੇ ਤੋਂ ਬਚਿਆ ਜਾ ਸਕੇ। ਨੇੜੇ ਦੇ ਰਹਿਣ ਵਾਲੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਭੇਜ ਦਿੱਤਾ ਗਿਆ। ਪੁਲਿਸ ਨੇ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਲੋਕ ਘਟਨਾ ਵਾਲੀ ਜਗ੍ਹਾ ਤੋਂ ਦੂਰ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਵਰਤਣ। ਜੇਸੀਬੀ ਮਸ਼ੀਨਾਂ, ਫਾਇਰ ਬ੍ਰਿਗੇਡ ਅਤੇ ਪੁਲਿਸ ਅਧਿਕਾਰੀ ਮੌਕੇ ਤੇ ਮੌਜੂਦ ਹਨ ਜੋ ਟੈਂਕਰ ਨੂੰ ਸਿੱਧਾ ਕਰਨ ਅਤੇ ਫੈਲੇ ਪੈਟਰੋਲ ਨੂੰ ਸੁਰੱਖਿਅਤ ਤਰੀਕੇ ਨਾਲ ਨਸ਼ਟ ਕਰਨ ਦੀ ਕਾਰਵਾਈ ਕਰ ਰਹੇ ਹਨ।ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਘਟਨਾ ਸਥਾਨ ਤੋਂ ਦੂਰ ਰਹਿਣ, ਅਫਵਾਹਾਂ ਤੇ ਧਿਆਨ ਨਾ ਦੇਣ ਅਤੇ ਪ੍ਰਸ਼ਾਸਨ ਨਾਲ ਪੂਰਾ ਸਹਿਯੋਗ ਕਰਨ। ਅਧਿਕਾਰੀਆਂ ਨੇ ਕਿਹਾ ਹੈ ਕਿ ਹਾਲਾਤ ਪੂਰੀ ਤਰ੍ਹਾਂ ਕਾਬੂ ਵਿੱਚ ਹਨ ਅਤੇ ਰੈਸਕਿਊ ਆਪ੍ਰੇਸ਼ਨ ਜਾਰੀ ਹੈ।ਇਸ ਘਟਨਾ ਵਿੱਚ ਕਿਸੇ ਵੀ ਵਿਅਕਤੀ ਨੂੰ ਜ਼ਖ਼ਮੀ ਹੋਣ ਜਾਂ ਮੌਤ ਦੀ ਕੋਈ ਰਿਪੋਰਟ ਨਹੀਂ ਹੈ ਜੋ ਰਾਹਤ ਦੀ ਗੱਲ ਹੈ। ਪਰ ਤੇਜ਼ ਰਫ਼ਤਾਰ ਅਤੇ ਲੋਕਾਂ ਦੀ ਲਾਪਰਵਾਹੀ ਨੇ ਵੱਡੇ ਹਾਦਸੇ ਦਾ ਖ਼ਤਰਾ ਪੈਦਾ ਕਰ ਦਿੱਤਾ ਸੀ। ਇਹ ਘਟਨਾ ਸੜਕ ਸੁਰੱਖਿਆ ਅਤੇ ਖਤਰਨਾਕ ਵਸਤੂਆਂ ਨੂੰ ਲਿਜਾਣ ਵਾਲੇ ਵਾਹਨਾਂ ਦੇ ਡਰਾਈਵਰਾਂ ਲਈ ਇੱਕ ਵੱਡਾ ਸਬਕ ਹੈ। ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਵਿੱਚ ਅਕਸਰ ਤੇਜ਼ ਰਫ਼ਤਾਰ ਅਤੇ ਓਵਰਲੋਡਿੰਗ ਵਰਗੇ ਕਾਰਨ ਸਾਹਮਣੇ ਆਉਂਦੇ ਹਨ।
ਸ਼ਾਸਨ ਨੇ ਟੈਂਕਰ ਨੂੰ ਸਿੱਧਾ ਕਰਨ ਅਤੇ ਬਾਕੀ ਪੈਟਰੋਲ ਨੂੰ ਸੁਰੱਖਿਅਤ ਢੰਗ ਨਾਲ ਹਟਾਉਣ ਦੀ ਕੋਸ਼ਿਸ਼ ਜਾਰੀ ਰੱਖੀ ਹੋਈ ਹੈ। ਇਲਾਕੇ ਵਿੱਚ ਆਮ ਜ਼ਿੰਦਗੀ ਜਲਦੀ ਨਾਰਮਲ ਹੋਣ ਦੀ ਉਮੀਦ ਹੈ ਪਰ ਲੋਕਾਂ ਨੂੰ ਸਾਵਧਾਨ ਰਹਿਣ ਦੀ ਹਦਾਇਤ ਕੀਤੀ ਗਈ ਹੈ। ਇਹ ਘਟਨਾ ਪੰਜਾਬ ਦੇ ਸੜਕੀ ਹਾਦਸਿਆਂ ਵਿੱਚ ਇੱਕ ਹੋਰ ਉਦਾਹਰਣ ਹੈ ਜਿੱਥੇ ਸਮੇਂ ਸਿਰ ਐਕਸ਼ਨ ਨਾਲ ਵੱਡੇ ਨੁਕਸਾਨ ਤੋਂ ਬਚਿਆ ਗਿਆ।

ਸੋਸ਼ਲ ਮੀਡੀਆ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਪੋਸਟ ਕਰਦਿਆਂ ਕਿਹਾ

## ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਵਿੱਚ ਬਣੇ ਜਹਾਜ਼ਾਂ 'ਤੇ 50 ਫੀਸਦੀ ਟੈਰਿਫ (ਟੈਕਸ) ਲਾਉਣ ਦੀ ਧਮਕੀ ਦਿੱਤੀ ਹੈ

ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਵਿੱਚ ਬਣੇ ਜਹਾਜ਼ਾਂ 'ਤੇ 50 ਫੀਸਦੀ ਟੈਰਿਫ (ਟੈਕਸ) ਲਾਉਣ ਦੀ ਧਮਕੀ ਦਿੱਤੀ ਹੈ। ਇਹ ਧਮਕੀ ਛਪੀ ਖ਼ਬਰ ਅਨੁਸਾਰ 30 ਜਨਵਰੀ 2026 ਨੂੰ ਸਾਹਮਣੇ ਆਈ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਪੋਸਟ ਕਰਦਿਆਂ ਕਿਹਾ ਕਿ ਜੇਕਰ ਕੈਨੇਡਾ ਤੁਰੰਤ ਆਪਣਾ ਫੈਸਲਾ ਨਹੀਂ ਬਦਲਦਾ ਤਾਂ ਅਮਰੀਕਾ ਵਿੱਚ ਵੇਚੇ ਜਾਣ ਵਾਲੇ ਕੈਨੇਡਾ ਦੇ ਸਾਰੇ ਜਹਾਜ਼ਾਂ 'ਤੇ 50 ਫੀਸਦੀ ਟੈਰਿਫ ਲਗਾਇਆ ਜਾਵੇਗਾ। ਇਹ ਧਮਕੀ ਅਮਰੀਕੀ ਕੰਪਨੀ ਗਲਫਸਟਰੀਮ ਏਅਰੋਸਪੇਸ ਕਾਰਪੋਰੇਸ਼ਨ ਦੇ ਜਹਾਜ਼ਾਂ ਦੀ ਸਰਟੀਫਿਕੇਸ਼ਨ ਨੂੰ ਕੈਨੇਡਾ ਵੱਲੋਂ ਰੋਕੇ ਜਾਣ ਦੇ ਜਵਾਬ ਵਿੱਚ ਦਿੱਤੀ ਗਈ ਹੈ।ਟਰੰਪ ਨੇ ਦੋਸ਼ ਲਾਇਆ ਹੈ ਕਿ ਕੈਨੇਡਾ ਨੇ ਗਲਫਸਟਰੀਮ ਦੇ ਜਹਾਜ਼ਾਂ ਜਿਵੇਂ ਕਿ ਗਲਫਸਟਰੀਮ 500, 600, 700 ਅਤੇ 800 ਨੂੰ ਗਲਤ ਅਤੇ ਗੈਰ-ਕਾਨੂੰਨੀ ਢੰਗ ਨਾਲ ਸਰਟੀਫਿਕੇਸ਼ਨ ਦੇਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਜਹਾਜ਼ ਬਹੁਤ ਤਕਨੀਕੀ ਤੌਰ 'ਤੇ ਉੱਨਤ ਹਨ ਅਤੇ ਅਮਰੀਕਾ ਦੀ ਮਹਾਨ ਕੰਪਨੀ ਗਲਫਸਟਰੀਮ ਇਨ੍ਹਾਂ ਨੂੰ ਬਣਾਉਂਦੀ ਹੈ। ਟਰੰਪ ਨੇ ਇਸ ਦੇ ਜਵਾਬ ਵਿੱਚ ਕੈਨੇਡਾ ਦੇ ਜਹਾਜ਼ਾਂ ਨੂੰ ਵੀ ਡੀ-ਸਰਟੀਫਾਈ ਕਰਨ ਦਾ ਐਲਾਨ ਕੀਤਾ ਹੈ। ਖਾਸ ਤੌਰ 'ਤੇ ਉਨ੍ਹਾਂ ਨੇ ਕਿਊਬੈਕ ਸਥਿਤ ਕੈਨੇਡੀਅਨ ਕੰਪਨੀ ਬੰਬਾਰਡੀਅਰ ਦੇ ਗਲੋਬਲ ਐਕਸਪ੍ਰੈੱਸ ਜਹਾਜ਼ਾਂ ਦਾ ਜ਼ਿਕਰ ਕੀਤਾ ਹੈ।



ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ

ਟਰੰਪ ਦਾ ਕਹਿਣਾ ਹੈ ਕਿ ਜਦੋਂ ਤੱਕ ਗਲਫਸਟਰੀਮ ਨੂੰ ਪੂਰੀ ਤਰ੍ਹਾਂ ਸਰਟੀਫਿਕੇਸ਼ਨ ਨਹੀਂ ਮਿਲ ਜਾਂਦੀ, ਬੰਬਾਰਡੀਅਰ ਦੇ ਸਾਰੇ ਜਹਾਜ਼ ਅਤੇ ਕੈਨੇਡਾ ਵਿੱਚ ਬਣੇ ਸਾਰੇ ਏਅਰਕ੍ਰਾਫਟ ਨੂੰ ਅਮਰੀਕਾ ਵਿੱਚ ਡੀ-ਸਰਟੀਫਾਈ ਕੀਤਾ ਜਾਵੇਗਾ।ਇਹ ਮਾਮਲਾ ਅਮਰੀਕਾ ਅਤੇ ਕੈਨੇਡਾ ਵਿਚਕਾਰ ਵਧ ਰਹੇ ਵਪਾਰਕ ਤਣਾਅ ਦਾ ਹਿੱਸਾ ਹੈ। ਟਰੰਪ ਨੇ ਪਹਿਲਾਂ ਵੀ ਕੈਨੇਡਾ ਨੂੰ ਚੀਨ ਨਾਲ ਵਪਾਰਕ ਸੌਦੇ ਕਰਨ 'ਤੇ 100 ਫੀਸਦੀ ਟੈਰਿਫ ਲਾਉਣ ਦੀ ਧਮਕੀ ਦਿੱਤੀ ਸੀ। ਉਨ੍ਹਾਂ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ "ਗਵਰਨਰ ਕਾਰਨੀ" ਕਹਿ ਕੇ ਸੰਬੋਧਨ ਕੀਤਾ ਅਤੇ ਕਿਹਾ ਕਿ ਜੇ ਕੈਨੇਡਾ ਚੀਨ ਲਈ ਅਮਰੀਕਾ ਵਿੱਚ ਸਾਮਾਨ ਭੇਜਣ ਲਈ ਡਰੋਪ-ਆਫ ਪੋਰਟ ਬਣੇਗਾ ਤਾਂ ਚੀਨ ਕੈਨੇਡਾ ਨੂੰ ਬਰਬਾਦ ਕਰ ਦੇਵੇਗਾ।ਇਸ ਧਮਕੀ ਦਾ ਸਬੰਧ ਚੀਨੀ ਇਲੈਕਟ੍ਰਿਕ ਵਾਹਨਾਂ (ਈਵੀ) 'ਤੇ ਕੈਨੇਡਾ ਵੱਲੋਂ ਟੈਕਸ ਘਟਾਉਣ ਨਾਲ ਵੀ ਜੁੜਿਆ ਹੋਇਆ ਹੈ। ਕੈਨੇਡਾ ਨੇ ਚੀਨ ਤੋਂ ਆਉਣ ਵਾਲੇ ਈਵੀ 'ਤੇ 100 ਫੀਸਦੀ ਟੈਕਸ ਨੂੰ ਘਟਾ ਕੇ 6.1 ਫੀਸਦੀ ਕਰ ਦਿੱਤਾ ਸੀ ਜਿਸ ਦੇ ਬਦਲੇ ਚੀਨ ਨੇ ਕੈਨੇਡੀਅਨ ਕੈਨੋਲਾ ਬੀਜਾਂ 'ਤੇ ਡਿਊਟੀ 84 ਫੀਸਦੀ ਤੋਂ ਘਟਾ ਕੇ 15 ਫੀਸਦੀ ਕੀਤੀ। ਇਹ ਸਭ ਅਮਰੀਕਾ ਦੀਆਂ ਸਖ਼ਤ ਵਪਾਰਕ ਨੀਤੀਆਂ ਕਾਰਨ ਹੋ ਰਿਹਾ ਹੈ।

ਏਅਰੋਸਪੇਸ ਉਦਯੋਗ ਲਈ ਇਹ ਧਮਕੀ ਬਹੁਤ ਖ਼ਤਰਨਾਕ ਹੈ। ਬੰਬਾਰਡੀਅਰ ਕੈਨੇਡਾ ਦੀ ਸਭ ਤੋਂ ਵੱਡੀ ਏਅਰਕ੍ਰਾਫਟ ਨਿਰਮਾਤਾ ਕੰਪਨੀ ਹੈ ਅਤੇ ਅਮਰੀਕਾ ਇਸ ਦਾ ਸਭ ਤੋਂ ਵੱਡਾ ਬਾਜ਼ਾਰ ਹੈ। ਅਮਰੀਕਾ ਵਿੱਚ ਲਗਭਗ 150 ਗਲੋਬਲ ਐਕਸਪ੍ਰੈੱਸ ਜਹਾਜ਼ ਰਜਿਸਟਰਡ ਹਨ ਅਤੇ ਇਹਨਾਂ ਨੂੰ ਡੀ-ਸਰਟੀਫਾਈ ਕਰਨ ਨਾਲ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਬੰਬਾਰਡੀਅਰ ਨੇ ਇਸ ਬਾਰੇ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਕੈਨੇਡੀਅਨ ਸਰਕਾਰ ਨਾਲ ਸੰਪਰਕ ਵਿੱਚ ਹਨ। ਬਹੁਤ ਸਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਕੋਲ ਕੈਨੇਡੀਅਨ ਜਹਾਜ਼ਾਂ ਨੂੰ ਡੀ-ਸਰਟੀਫਾਈ ਕਰਨ ਦਾ ਅਧਿਕਾਰ ਨਹੀਂ ਹੈ ਕਿਉਂਕਿ ਇਹ ਅੰਤਰਰਾਸ਼ਟਰੀ ਏਵੀਏਸ਼ਨ ਨਿਯਮਾਂ ਅਧੀਨ ਆਉਂਦਾ ਹੈ। ਪਰ ਟੈਰਿਫ ਲਾਉਣਾ ਉਨ੍ਹਾਂ ਦੀ ਸੱਤਾ ਵਿੱਚ ਹੈ ਅਤੇ ਇਹ ਵਪਾਰਕ ਜੰਗ ਨੂੰ ਹੋਰ ਤਿੱਖਾ ਕਰ ਸਕਦਾ ਹੈ।ਕੈਨੇਡਾ ਵੱਲੋਂ ਇਸ ਧਮਕੀ 'ਤੇ ਅਜੇ ਤੱਕ ਕੋਈ ਵੱਡਾ ਅਧਿਕਾਰਤ ਬਿਆਨ ਨਹੀਂ ਆਇਆ ਪਰ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪਹਿਲਾਂ ਕਿਹਾ ਸੀ ਕਿ ਉਹ ਅਮਰੀਕਾ ਤੋਂ ਕੈਨੇਡੀਅਨ ਸਰਵਰੇਨੇਟੀ ਦਾ ਸਤਿਕਾਰ ਚਾਹੁੰਦੇ ਹਨ।

## ਤਰਨਤਾਰਨ ਵਿੱਚ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਲਈ ਚਲਾਈ ਜਾ ਰਹੀ ਪ੍ਰਚਾਰ ਵੈਨ ਦੀ ਮੁਹਿੰਮ ਨੇ ਅੱਜ ਦੂਜੇ ਦਿਨ ਵੀ ਜ਼ੋਰ ਫੜ ਲਿਆ



*ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿਨਾਮ ਸਿੰਘ ਬਾਠ ਦੀ ਅਗਵਾਈ ਹੇਠ ਇਹ ਵਿਸ਼ੇਸ਼ ਮੁਹਿੰਮ ਚੱਲ ਰਹੀ ਹੈ। ਮੁੱਖ ਉਦੇਸ਼ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣਾ ਅਤੇ ਮਾਪਿਆਂ ਨੂੰ ਸਰਕਾਰੀ ਸਿੱਖਿਆ ਦੇ ਫਾਇਦਿਆਂ ਬਾਰੇ ਜਾਗਰੂਕ ਕਰਨਾ ਹੈ।*

ਤਰਨਤਾਰਨ ਵਿੱਚ ਸਰਕਾਰੀ ਸਕੂਲਾਂ ਵਿੱਚ ਦਾਖਲੇ ਵਧਾਉਣ ਲਈ ਚਲਾਈ ਜਾ ਰਹੀ ਪ੍ਰਚਾਰ ਵੈਨ ਦੀ ਮੁਹਿੰਮ ਨੇ ਅੱਜ ਦੂਜੇ ਦਿਨ ਵੀ ਜ਼ੋਰ ਫੜ ਲਿਆ ਹੈ। ਇਹ ਖ਼ਬਰ ਛਪੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸਤਿਨਾਮ ਸਿੰਘ ਬਾਠ ਦੀ ਅਗਵਾਈ ਹੇਠ ਇਹ ਵਿਸ਼ੇਸ਼ ਮੁਹਿੰਮ ਚੱਲ ਰਹੀ ਹੈ। ਮੁੱਖ ਉਦੇਸ਼ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣਾ ਅਤੇ ਮਾਪਿਆਂ ਨੂੰ ਸਰਕਾਰੀ ਸਿੱਖਿਆ ਦੇ ਫਾਇਦਿਆਂ ਬਾਰੇ ਜਾਗਰੂਕ ਕਰਨਾ ਹੈ।ਅੱਜ ਦੂਜੇ ਦਿਨ ਇਹ ਪ੍ਰਚਾਰ ਵੈਨ ਪਿੰਡ ਪੱਡੋਰੀ ਗੋਲਾਂ ਤੋਂ ਰਵਾਨਾ ਹੋਈ। ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਤਰਨਤਾਰਨ ਸਰਬਜੀਤ ਸਿੰਘ (ਨੈਸ਼ਨਲ ਐਵਾਰਡੀ) ਨੇ ਹਰੀ ਝੰਡੀ ਦਿਖਾ ਕੇ ਵੈਨ ਨੂੰ ਰਵਾਨਾ ਕੀਤਾ। ਵੈਨ ਨੇ ਪਹਿਲਾਂ ਬਲਾਕ ਨੂਰਦੀ ਅਤੇ ਫਿਰ ਗੰਡੀਵਿੰਡ ਵੱਲ ਪ੍ਰਸਥਾਨ ਕੀਤਾ। ਰਸਤੇ ਵਿੱਚ ਇਸ ਨੇ ਕਈ ਪਿੰਡਾਂ ਨੂੰ ਕਵਰ ਕੀਤਾ, ਜਿਨ੍ਹਾਂ ਵਿੱਚ ਬਾਠ, ਮੁਰਾਦਪੁਰ, ਪਲਾਸੌਰ, ਜੀਓਬਾਲਾ, ਡਾਲੇਕੇ, ਗੱਗੋਬੂਹਾ, ਭੁੱਚਰ, ਸਰਾਏ ਅਮਾਨਤ ਖਾਂ ਅਤੇ ਅੰਤ ਵਿੱਚ ਚੀਮਾ ਬਲਾਕ ਗੰਡੀਵਿੰਡ ਸ਼ਾਮਲ ਹਨ।

ਬਲਾਕ ਨੂਰਦੀ ਪਹੁੰਚਣ 'ਤੇ ਵੈਨ ਨੂੰ ਬਲਾਕ ਐਲੀਮੈਂਟਰੀ ਸਿੱਖਿਆ ਅਫ਼ਸਰ ਗੁਰਦੀਪ ਸਿੰਘ ਨੂੰ ਸੌਂਪਿਆ ਗਿਆ। ਇੱਥੇ ਬਲਾਕ ਨੋਡਲ ਅਫ਼ਸਰ ਪ੍ਰਭਜੋਤ ਸਿੰਘ ਗੋਹਲਵੜ੍ਹ, ਕੰਵਰਦੀਪ ਸਿੰਘ ਅਤੇ ਸੈਂਕੜੇ ਅਧਿਆਪਕਾਂ ਨੇ ਵੈਨ ਦਾ ਭਰਵਾਂ ਸਵਾਗਤ ਕੀਤਾ। ਇਸ ਤੋਂ ਬਾਅਦ ਵੈਨ ਬਲਾਕ ਦੇ ਵੱਖ-ਵੱਖ ਪਿੰਡਾਂ ਵੱਲ ਰਵਾਨਾ ਹੋ ਗਈ।

ਇਸ ਮੌਕੇ ਬਹੁਤ ਸਾਰੇ ਅਧਿਕਾਰੀ ਅਤੇ ਅਧਿਆਪਕ ਮੌਜੂਦ ਸਨ। ਪ੍ਰਿੰਸੀਪਲ ਗੀਤਾਂਜਲੀ, ਜ਼ਿਲ੍ਹਾ ਕੋਆਰਡੀਨੇਟਰ ਅਨੂਪ ਸਿੰਘ ਮੈਣੀ, ਹੈੱਡ ਮਾਸਟਰ ਗੁਰਚਰਨ ਸਿੰਘ (ਸਟੇਟ ਐਵਾਰਡੀ), ਲੈਕਚਰਾਰ ਕੁਲਵਿੰਦਰ ਸਿੰਘ, ਕਵਲਜੀਤ ਕੌਰ, ਪ੍ਰਭਜੋਤ ਕੌਰ, ਨਿਰਮਲ ਕੌਰ, ਸੈਂਟਰ ਹੈੱਡ ਟੀਚਰ ਮਿਹਰਪਾਲ ਸਿੰਘ, ਸ਼ਰਮੀਲੀ, ਨੀਰਜ ਸੇਠੀ, ਮੀਡੀਆ ਇੰਚਾਰਜ ਦਿਨੇਸ਼ ਕੁਮਾਰ, ਪ੍ਰੇਮ ਸਿੰਘ ਖੱਬੇ ਡੋਗਰਾ, ਹੈੱਡ ਟੀਚਰ ਓਂਕਾਰ ਸਿੰਘ ਪੱਖੋਕੇ, ਜਗਜੀਤ ਸਿੰਘ ਖਹਿਰਾ, ਬੀਆਰਸੀ ਗੁਰਸਾਹਿਬ ਸਿੰਘ, ਰਜਨੀ, ਅਮਨਦੀਪ ਸਿੰਘ ਭੁੱਲਰ ਸਮੇਤ ਸੈਂਕੜੇ ਅਧਿਆਪਕਾਂ ਨੇ ਹਿੱਸਾ ਲਿਆ। ਇਨ੍ਹਾਂ ਸਾਰਿਆਂ ਨੇ ਵੈਨ ਨਾਲ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਅਤੇ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ।

ਇਹ ਮੁਹਿੰਮ ਸਿੱਖਿਆ ਵਿਭਾਗ ਲਈ ਬਹੁਤ ਅਹਿਮ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਵਿੱਚ ਨਿੱਜੀ ਸਕੂਲਾਂ ਵੱਲ ਰੁਝਾਨ ਵਧਣ ਕਾਰਨ ਸਰਕਾਰੀ ਸਕੂਲਾਂ ਵਿੱਚ ਦਾਖਲੇ ਘਟੇ ਸਨ। ਹੁਣ ਇਸ ਪ੍ਰਚਾਰ ਅਭਿਆਨ ਨਾਲ ਮਾਪੇ ਸਰਕਾਰੀ ਸਕੂਲਾਂ ਦੀਆਂ ਸਹੂਲਤਾਂ, ਮੁਫਤ ਸਿੱਖਿਆ, ਮਿਡ-ਡੇ ਮੀਲ, ਸਮਾਰਟ ਕਲਾਸਾਂ ਅਤੇ ਯੋਗ ਅਧਿਆਪਕਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਰਹੇ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਆਉਣ ਵਾਲੇ ਸੈਸ਼ਨ ਵਿੱਚ ਦਾਖਲੇ ਵਿੱਚ ਵਾਧਾ ਹੋਵੇਗਾ।ਪੱਡੋਰੀ ਗੋਲਾਂ ਤੋਂ ਸ਼ੁਰੂ ਹੋਈ ਇਹ ਵੈਨ ਹੁਣ ਵੱਖ-ਵੱਖ ਬਲਾਕਾਂ ਵਿੱਚ ਘੁੰਮ ਰਹੀ ਹੈ ਅਤੇ ਲੋਕਾਂ ਨੂੰ ਸਿੱਧੇ ਤੌਰ 'ਤੇ ਜਾਗਰੂਕ ਕਰ ਰਹੀ ਹੈ। ਇਹ ਯਤਨ ਪੰਜਾਬ ਸਰਕਾਰ ਦੀ ਸਿੱਖਿਆ ਨੂੰ ਮਜ਼ਬੂਤ ਕਰਨ ਵਾਲੀ ਨੀਤੀ ਦਾ ਹਿੱਸਾ ਹੈ। ਅਜਿਹੀਆਂ ਮੁਹਿੰਮਾਂ ਨਾਲ ਨਾ ਸਿਰਫ਼ ਦਾਖਲੇ ਵਧਣਗੇ ਸਗੋਂ ਸਰਕਾਰੀ ਸਿੱਖਿਆ ਪ੍ਰਣਾਲੀ ਪ੍ਰਤੀ ਭਰੋਸਾ ਵੀ ਵਧੇਗਾ। ਤਰਨਤਾਰਨ ਜ਼ਿਲ੍ਹੇ ਦੇ ਲੋਕ ਇਸ ਉਪਰਾਲੇ ਦੀ ਸ਼ਲਾਘਾ ਕਰ ਰਹੇ ਹਨ ਅਤੇ ਆਸ ਹੈ ਕਿ ਇਹ ਮੁਹਿੰਮ ਸਫਲ ਹੋਵੇਗੀ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਸਰਹਾਲੀ ਕਾਲਜ ਦੇ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ



**ਚੋਹਲਾ ਸਾਹਿਬ 30 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) I**

ਉੱਘੇ ਸਮਾਜ ਸੇਵੀ ਡਾ. ਐਸ.ਪੀ. ਸਿੰਘ ਓਬਰਾਏ ਦੁਆਰਾ ਸਥਾਪਿਤ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਨੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਦੇ ਵਿਹੜੇ ਵਿੱਚ ਕਰਵਾਏ ਗਏ ਇੱਕ ਸੰਖੇਪ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ।ਇਸ ਮੌਕੇ ਟਰੱਸਟ ਦੇ ਅਹੁਦੇਦਾਰਾਂ ਨੇ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਅਤੇ ਵੱਖ-ਵੱਖ ਜਮਾਤਾਂ ਦੇ ਦੱਸ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰਨ ਲਈ 10-10 ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ।ਇਸ ਸਬੰਧੀ ਜਾਣਕਾਰੀ ਅਹੁਦੇਦਾਰਾਂ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਭਾਰਤ ਦੇ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦੇ ਸਮਾਜਿਕ-ਆਰਥਿਕ ਬਦਲਾਅ ਲਈ ਵਚਨਬੱਧ ਹੈ। ਇਹ ਟਰੱਸਟ ਸਰੀਰਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਰਾਹੀਂ ਕਮਜ਼ੋਰ ਅਤੇ ਸਮਾਜਿਕ ਤੌਰ 'ਤੇ ਪੱਛੜੇ ਵਰਗਾਂ ਦੀ ਭਲਾਈ 'ਤੇ ਵਿਸ਼ੇਸ਼ ਧਿਆਨ ਦਿੰਦਾ ਹੈ। ਡਾ. ਸੁਰਿੰਦਰ ਪਾਲ ਸਿੰਘ ਓਬਰਾਏ ਆਪਣੇ ਰਜਿਸਟਰਡ ਟਰੱਸਟ ਰਾਹੀਂ ਬਿਨਾਂ ਕਿਸੇ ਜਾਤ, ਰੰਗ ਜਾਂ ਨਸਲ ਦੇ ਭੇਦਭਾਵ ਦੇ ਦੁਨੀਆ ਭਰ ਵਿੱਚ ਮਨੁੱਖਤਾ ਦੀ ਸੇਵਾ ਕਰਦੇ ਹਨ। ਟਰੱਸਟ ਦੀਆਂ ਸਾਰੀਆਂ ਚੈਰੀਟੇਬਲ ਗਤੀਵਿਧੀਆਂ ਲਈ ਫੰਡ ਸਿਰਫ਼ ਉਹਨਾਂ ਦੀ ਨਿੱਜੀ ਕਮਾਈ ਤੋਂ ਹੀ ਖਰਚੇ ਜਾਂਦੇ ਹਨ ਅਤੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਤੋਂ ਕੋਈ ਦਾਨ ਨਹੀਂ ਲਿਆ ਜਾਂਦਾ।ਕਾਲਜ ਪ੍ਰਬੰਧਕੀ ਕਮੇਟੀ ਦੇ ਸੀਨੀਅਰ ਮੈਂਬਰ ਸ੍ਰੀ ਜਸਵਿੰਦਰ ਸਿੰਘ ਮੋਹਨਪੁਰਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇਣ ਲਈ ਟਰੱਸਟ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਡਾ. ਐਸ.ਪੀ. ਸਿੰਘ ਓਬਰਾਏ ਦੇ ਨੇਕ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਦੇਸ਼-ਵਿਦੇਸ਼ ਵਿੱਚ ਟਰੱਸਟ ਵੱਲੋਂ ਨਿਭਾਈਆਂ ਜਾ ਰਹੀਆਂ ਨਿਸਵਾਰਥ ਸੇਵਾਵਾਂ ਦੀ ਤਾਰੀਫ਼ ਕੀਤੀ। ਉਨ੍ਹਾਂ ਨੇ ਉਮੀਦ ਜਤਾਈ ਕਿ ਟਰੱਸਟ ਭਵਿੱਖ ਵਿੱਚ ਵੀ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਦੀ ਮਦਦ ਜਾਰੀ ਰੱਖੇਗਾ। ਇਸ ਮੌਕੇ ਪ੍ਰੋ. ਜਸਪਾਲ ਸਿੰਘ, ਮੈਡਮ ਕੰਵਲਪ੍ਰੀਤ ਕੌਰ ਅਤੇ ਹੋਰ ਸਟਾਫ਼ ਮੈਂਬਰ ਹਾਜ਼ਰ ਸਨ।

# ਨੌਜਵਾਨ ਸਮਾਜ ਬਦਲਣ ਲਈ ਸੰਘਰਸ਼ ਸ਼ੀਲ ਹੋਣ -- ਕਾਮਰੇਡ ਹਰਭਜਨ ਸਿੰਘ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 30 ਜਨਵਰੀ I**

ਕਾਮਰੇਡ ਕੁਲਵਿੰਦਰ ਸਿੰਘ ਵਲਟੋਹਾ ਦੀ 19ਵੀਂ ਬਰਸੀ ਮੌਕੇ ਉਨ੍ਹਾਂ ਦੀ ਯਾਦਗਾਰ ਤੇ ਪਿੰਡ ਵਲਟੋਹਾ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਪਰਿਵਾਰ ਵੱਲੋਂ ਮਨਾਈ ਗਈ । ਬਰਸੀ ਸਮਾਗਮ ਦੀ ਪ੍ਰਧਾਨਗੀ ਕਾਮਰੇਡ ਕਾਬਲ ਸਿੰਘ ਆਸਲ, ਲਾਲ ਸਿੰਘ ਵਲਟੋਹਾ ਅਤੇ ਦਲੀਪ ਸਿੰਘ ਲਾਖਣਾ ਨੇ ਕੀਤੀ । ਮੰਚ ਸੰਚਾਲਨ ਦੀ ਜਿੰਮੇਵਾਰੀ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਪੂਰਨ ਸਿੰਘ ਮਾੜੀ ਮੇਘਾ ਨੇ ਨਿਭਾਈ। ਬਰਸੀ ਮੌਕੇ ਸਰਬ ਭਾਰਤ ਨੌਜਵਾਨ ਸਭਾ ਵੱਲੋਂ ਨੌਜਵਾਨਾਂ ਦੀ ਸ਼ਮੂਲੀਅਤ ਪ੍ਰਭਾਵਸ਼ਾਲੀ ਰਹੀ। ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾਈ ਆਗੂ ਕਾਮਰੇਡ ਹਰਭਜਨ ਸਿੰਘ ਨੇ ਬੋਲਦਿਆਂ ਕਿਹਾ ਕਿ ਅੱਜ ਕਾਰਪੋਰੇਟ ਜਗਤ ਵੱਲੋਂ ਸਮੇਂ ਦੀਆਂ ਸਰਕਾਰਾਂ ਰਾਹੀਂ ਮਿਹਨਤਕਸ਼ ਜਨਤਾ ਦਾ ਖ਼ੂਨ ਚੂਸਿਆ ਜਾ ਰਿਹਾ ਹੈ। ਬੇਰੁਜ਼ਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਨਾਲ ਆਮ ਮਿਹਨਤਕਸ਼ ਜਨਤਾ ਪੀੜਤ ਹੈ। ਜਵਾਨੀ ਨੂੰ ਨਸ਼ਿਆਂ ਲੁੱਟਾਂ-ਖੋਹਾਂ ਡਾਕਿਆਂ ਫਰੌਤੀਆਂ ਦੇ ਰਾਹ ਪਾਇਆ ਜਾ ਰਿਹਾ ਹੈ। ਇਸ ਕਰਕੇ ਸਰਵ ਭਾਰਤ ਨੌਜਵਾਨ ਸਭਾ ਦਾ ਝੰਡਾ ਚੁੱਕ ਕੇ ਨੌਜਵਾਨ ਨੂੰ ਮਜ਼ਦੂਰਾਂ ਕਿਸਾਨਾਂ ਦੇ ਹੱਕ ਲੈਣ ਲਈ ਸੰਘਰਸ਼ ਸ਼ੀਲ ਹੋਣ। ਨੌਜਵਾਨਾਂ ਨੂੰ ਨਸ਼ਿਆਂ ਗੁੰਡਾਗਰਦੀ ਦੇ ਰਾਹ ਛੱਡ ਕੇ ਪੜ੍ਹਾਈ ਲਿਖਾਈ ਅਤੇ ਖੇਡਾਂ ਵੱਲ ਧਿਆਨ ਦੇਣ ਲਈ ਪ੍ਰੇਰਿਆ ਤਾਂ ਜੋ ਸਿਹਤ ਮੰਦ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ । ਜਿਥੇ ਹਰ ਕੋਈ ਆਪਣੇ ਹੱਕਾਂ ਲਈ ਜਾਗਰਿਤ ਹੋਵੇ ਅਤੇ ਜਥੇਬੰਦ ਹੋ ਕੇ ਲੜਨਾ ਜਾਣਦਾ ਹੋਵੇ । ਇਹੋ ਜਿਹੇ ਸਮਾਜ ਦਾ ਸੁਪਨਾ ਕਾਮਰੇਡ ਕੁਲਵਿੰਦਰ ਸਿੰਘ ਹੋਣਾਂ ਨੇ ਲਿਆ ਸੀ। ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਬਲਕਾਰ ਸਿੰਘ ਵਲਟੋਹਾ ਜ਼ਿਲ੍ਹਾ ਮੀਤ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਨੇ ਕਿਹਾ ਕਿ ਅਜੋਕੇ ਦੌਰ ਵਿੱਚ ਜਦੋਂ ਕਿ ਦੇਸ਼ ਫਾਸ਼ੀਵਾਦ ਵਾਲੇ ਪਾਸੇ ਵਧ ਰਿਹਾ ਹੈ, ਮੀਡੀਆ ਦੀ ਜ਼ੁਬਾਨ ਬੰਦੀ ਹੋ ਰਹੀ ਹੈ ,ਨੌਜਵਾਨ ਤੇ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਬੇਰੁਜ਼ਗਾਰੀ ਅਤੇ ਮਹਿੰਗਾਈ ਸੱਦਾ ਬੰਨੇ ਟੱਪ ਚੁੱਕੀ ਹੈ। ਕਮਿਊਨਿਸਟਾਂ ਦੀ ਜਿੰਮੇਵਾਰੀ ਹੋਰ ਵੀ ਅਹਿਮ ਹੋ ਜਾਂਦੀ ਹੈ ਤਾਂ ਜੋ ਇਸ ਫਾਸ਼ੀਵਾਦੀ ਹਕੂਮਤ ਦਾ ਟਾਕਰਾ ਕੀਤਾ ਜਾ ਸਕੇ । ਨੌਜਵਾਨਾਂ ਨੂੰ ਨੂੰ ਸੰਬੋਧਨ ਹੁੰਦਿਆਂ ਉਹਨਾਂ ਕਿਹਾ ਕਿ ਨੌਜਵਾਨ ਦੇਸ਼ ਦੀ ਰੀੜ ਦੀ ਹੱਡੀ ਹੁੰਦੇ ਹਨ । ਦੇਸ਼ ਨੇ ਕਿਸ ਬੰਨੇ ਜਾਣਾ ਇਹ ਨੌਜਵਾਨੀ ਨੇ ਹੀ ਤੈਅ ਕਰਨਾ ਹੁੰਦਾ ਹੈ । ਉਹਨਾਂ ਨੌਜਵਾਨਾਂ ਨੂੰ ਜਥੇਬੰਦ ਹੋ ਓਕੇ ਆਪਣੇ ਹੱਕਾਂ ਖਾਤਰ ਲੜਨ ਦੀ ਅਪੀਲ ਕੀਤੀ ।ਇਹਨਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਸੂਬਾਈ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਪੱਟੀ ਅਤੇ ਬਲਾਕ ਪ੍ਰਧਾਨ ਰਣਜੀਤ ਸਿੰਘ ਬਹਾਦਰ ਨਗਰ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਕਸੇਲ, ਏਟਕ ਪੰਜਾਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਪੰਜਾਬ ਇਸਤਰੀ ਸਭਾ ਪ੍ਰਧਾਨ ਰਜਿੰਦਰ ਪਾਲ ਕੌਰ ਅਤੇ ਸਰਪ੍ਰਸਤ ਨਰਿੰਦਰ ਪਾਲ ਕੌਰ, ਕਿਸਾਨ ਸਭਾ ਦੇ ਆਗੂ ਗੁਰਦਿਆਲ ਸਿੰਘ ਵਰਨਾਲਾ,ਸਰਬ ਭਾਰਤ ਨੌਜਵਾਨ ਸਭਾ ਜ਼ਿਲ੍ਹਾ ਪ੍ਰਧਾਨ ਰਸਾਲ ਸਿੰਘ ਭਿੱਖੀਵਿੰਡ ਅਤੇ ਜ਼ਿਲ੍ਹਾ ਸਕੱਤਰ ਵਿਸ਼ਾਲਦੀਪ ਸਿੰਘ ਵਲਟੋਹਾ ਨੇ ਸੰਬੋਧਨ ਕਰਦਿਆਂ ਵਿਛੜ ਚੁੱਕੇ ਆਗੂ ਨੂੰ ਸ਼ਰਧਾਂਜਲੀ ਭੇਂਟ ਕੀਤੀ । ਭਾਰਤੀ ਕਮਿਊਨਿਸਟ ਪਾਰਟੀ ਬਲਾਕ ਵਲਟੋਹਾ ਦੇ ਸਕੱਤਰ ਕਾਮਰੇਡ ਕਿਰਨਜੀਤ ਕੌਰ ਵਲਟੋਹਾ ਵੱਲੋਂ ਆਏ ਹੋਏ ਸਭਨਾਂ ਦਾ ਧੰਨਵਾਦ ਕੀਤਾ ਗਿਆ ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜੋਗਿੰਦਰ ਸਿੰਘ ਵਲਟੋਹਾ, ਮੇਜਰ ਸਿੰਘ, ਜੋਧ ਸਿੰਘ ਵਾਲਾ, ਜਸਵੰਤ ਸਿੰਘ ਸੂਰਵਿੰਡ, ਸੁਖਦੇਵ ਸਿੰਘ ਕਾਲਾ ਭਿੱਖੀਵਿੰਡ, ਪਾਲ ਸਿੰਘ ਮੋਤਾ ਸਿੰਘ ਸੋਹਲ, ਟਹਿਲ ਸਿੰਘ ਲੱਧੂ , ਰਣਜੀਤ ਸਿੰਘ ਕੋਟਲੀ, ਗੁਰਪ੍ਰੀਤ ਸਿੰਘ ਕੋਟਲੀ, ਸੁਖਦੇਵ ਸਿੰਘ ਮਨਾਵਾਂ, ਅਨੂਪ ਸਿੰਘ ਖੇਮਕਰਨ, ਸਲਵਿੰਦਰ ਸਿੰਘ ਵਲਟੋਹਾ, ਰਮੇਸ਼ ਕੁਮਾਰ, ਲਾਲ ਮਸੀਹ ਚੀਮਾ, ਬਲਦੇਵ ਸਿੰਘ ਅਮਰਕੋਟ, ਗੁਰਪ੍ਰਤਾਪ ਸਿੰਘ, ਗੁਰਵੇਲ ਸਿੰਘ ਗੁਰਲਾਲ ਸਿੰਘ ,ਕੁਲਬੀਰ ਸਿੰਘ ਹੀਰਾ ਸਿੰਘ, ਗੁਰਸੇਵਕ ਸਿੰਘ, ਪ੍ਰਭਜੀਤ ਸਿੰਘ ਦਿਲਜੀਤ ਸਿੰਘ, ਅਮਰੀਕ ਸਿੰਘ ਵਲਟੋਹਾ, ਹੀਰਾ ਸਿੰਘ ਕਲੰਜਰ, ਬਲਦੇਵ ਸਿੰਘ ਰਾਜੋਕੇ ਆਦਿ ਹਾਜ਼ਰ ਸਨ

# ਮਾਈ ਭਾਰਤ ਤਰਨ ਤਾਰਨ ਨੇ ਜ਼ਿਲ੍ਹਾ ਪੱਧਰੀ ਪੈਦਲ ਯਾਤਰਾ ਦਾ ਕੀਤਾ ਆਯੋਜਨ





ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 30 ਜਨਵਰੀ

ਵੋਟਰ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਵਿੱਚ ਲੋਕਤੰਤਰੀ ਭਾਗੀਦਾਰੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ, ਮਾਈ ਭਾਰਤ ਤਰਨ ਤਾਰਨ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤਰਨ ਤਾਰਨ ਦੇ ਸਹਿਯੋਗ ਨਾਲ ਇੱਕ ਜ਼ਿਲ੍ਹਾ ਪੱਧਰੀ ਪੈਦਲ ਯਾਤਰਾ (ਪਦਯਾਤਰਾ) ਸਫਲਤਾਪੂਰਵਕ ਆਯੋਜਿਤ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਮਾਈ ਭਾਰਤ ਤਰਨ ਤਾਰਨ ਦੀ ਡਿਪਟੀ ਡਾਇਰੈਕਟਰ ਸ਼੍ਰੀਮਤੀ ਜਸਲੀਨ ਕੌਰ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਨ੍ਹਾਂ ਨੇ ਸੂਚਿਤ ਅਤੇ ਜ਼ਿੰਮੇਵਾਰ ਵੋਟਿੰਗ ਦੀ ਮਹੱਤਤਾ `ਤੇ ਚਾਨਣਾ ਪਾਇਆ ਅਤੇ ਨੌਜਵਾਨਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।ਮਾਸਟਰ ਟ੍ਰੇਨਰ ਅਮਨਦੀਪ ਸਿੰਘ ਦੁਆਰਾ ਰਾਸ਼ਟਰੀ ਵੋਟਰ ਦਿਵਸ `ਤੇ ਇੱਕ ਵਿਸ਼ੇਸ਼ ਭਾਸ਼ਣ ਦਿੱਤਾ ਗਿਆ, ਜਿਨ੍ਹਾਂ ਨੇ ਵੋਟਿੰਗ ਦੀ ਮਹੱਤਤਾ, ਨੈਤਿਕ ਚੋਣ ਅਭਿਆਸਾਂ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਨੌਜਵਾਨ ਵੋਟਰਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਿਆ।ਇਸ ਪ੍ਰੋਗਰਾਮ ਵਿੱਚ ਚੋਣ ਜਾਗਰੂਕਤਾ, ਵੋਟਰ ਸਹੁੰ ਚੁੱਕਣ, ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਦਾ ਸਨਮਾਨ ਅਤੇ ਇੱਕ ਪਦਯਾਤਰਾ ਸਮੇਤ ਕਈ ਅਰਥਪੂਰਨ ਗਤੀਵਿਧੀਆਂ ਸ਼ਾਮਲ ਸਨ, ਜਿਸ ਵਿੱਚ ਵਿਦਿਆਰਥੀਆਂ, ਮਾਈ ਭਾਰਤ ਵਲੰਟੀਅਰਾਂ ਅਤੇ ਅਧਿਕਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਪੈਦਲ ਯਾਤਰਾ ਸੇਵਾ ਦੇਵੀ ਕਾਲਜ ਤੋਂ ਸ਼ੁਰੂ ਹੋ ਕੇ ਐੱਸ.ਡੀ.ਐੱਮ. ਦਫ਼ਤਰ ਤੱਕ ਗਈ, ਜਿੱਥੇ ਸਮੂਹ ਭਾਗੀਦਾਰਾਂ ਦਾ ਤਹਿਸੀਲਦਾਰ ਤਰਨਤਾਰਨ ਵੱਲੋਂ ਸਵਾਗਤ ਕੀਤਾ ਗਿਆ। ਐੱਸਡੀਐੱਮ ਦਫ਼ਤਰ ਤੋਂ ਯਾਤਰਾ ਵਾਪਸ ਸੇਵਾ ਦੇਵੀ ਕਾਲਜ ਵਿਖੇ ਪਹੁੰਚ ਕੇ ਸਮਾਪਤ ਹੋਈ। ਇਸ ਸਮਾਗਮ ਵਿੱਚ ਜੁਗਰਾਜ ਸਿੰਘ, ਸਪੋਰਟਸ ਕੋਆਰਡੀਨੇਟਰ, ਜ਼ਿਲ੍ਹਾ ਸਿੱਖਿਆ ਅਧਿਕਾਰੀ, ਸ਼੍ਰੀਮਤੀ ਅਨੂ ਸ਼ਰਮਾ, ਪ੍ਰਿੰਸੀਪਲ, ਐਸ.ਡੀ. ਕਾਲਜ ਡਿਗਰੀ ਬਲਾਕ, ਡਾ. ਨੀਤੂ ਮੱਕੜ, ਪ੍ਰਿੰਸੀਪਲ, ਬੀ.ਐੱਡ ਬਲਾਕ, ਸ਼੍ਰੀਮਤੀ ਕੁਲਵਿੰਦਰ ਕੌਰ, ਪ੍ਰਿੰਸੀਪਲ, ਆਈ.ਟੀ.ਆਈ., ਅਤੇ ਸ਼੍ਰੀਮਤੀ ਮਨਦੀਪ ਕੌਰ, ਮੈਥ ਮਿਸਟ੍ਰੈਸ, ਅਲਾਦੀਨਪੁਰ ਸਕੂਲ, ਰਿਪੂ ਦਮਨ, ਮਾਸਟਰ ਟ੍ਰੇਨਰ ਸਮੇਤ ਕਈ ਪਤਵੰਤਿਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਲੋਕਤੰਤਰੀ ਅਧਿਕਾਰਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ।ਸਾਰੇ ਪਤਵੰਤਿਆਂ, ਭਾਗੀਦਾਰਾਂ ਅਤੇ ਵਿਦਿਆਰਥੀਆਂ ਨੇ ਨੌਜਵਾਨ ਸਸ਼ਕਤੀਕਰਨ, ਵੋਟਰ ਜਾਗਰੂਕਤਾ ਅਤੇ ਰਾਸ਼ਟਰ ਨਿਰਮਾਣ ਲਈ ਅਜਿਹੇ ਪ੍ਰਭਾਵਸ਼ਾਲੀ ਪ੍ਰੋਗਰਾਮਾਂ ਨੂੰ ਲਗਾਤਾਰ ਆਯੋਜਿਤ ਕਰਨ ਲਈ ਮਾਈ ਭਾਰਤ ਦੀ ਸ਼ਲਾਘਾ ਕੀਤੀ ਅਤੇ ਧੰਨਵਾਦ ਕੀਤਾ।

# ਠੇਕਾ ਮੁਲਾਜ਼ਮਾਂ ਪਰਿਵਾਰਾਂ ਸਮੇਤ ਫਰਵਰੀ 7 ਨੂੰ ਦਿੜ੍ਹਬਾ 'ਚ ਵਿਸ਼ਾਲ ਕਰਨਗੇ ਸੂਬਾ ਪੱਧਰੀ ਇੱਕਰਤਾ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 30 ਜਨਵਰੀ

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾਈ ਲੀਡਰਸ਼ਿਪ ਵੱਲੋਂ ਫਰਦ ਕੇਂਦਰ ਕੰਪਿਊਟਰ ਅਪਰੇਟਰ ਐਸੋਸੀਏਸ਼ਨ (ਰਜਿ.) ਪੰਜਾਬ ਦੇ ਸੂਬਾ ਪ੍ਰਧਾਨ ਰਮਨਦੀਪ ਸਿੰਘ ਨੇ ਕਿਹਾ ਕਿ 7 ਫਰਵਰੀ ਨੂੰ ਵਿੱਤ ਮੰਤਰੀ ਪੰਜਾਬ ਅਤੇ ਕੈਬਨਿਟ ਸਬ-ਕਮੇਟੀ ਦੇ ਮੁਖੀ ਹਰਪਾਲ ਸਿੰਘ ਚੀਮਾ ਦੇ ਹਲਕੇ ਵਿੱਚ ਪੰਜਾਬ ਦੇ ਬਿਜਲੀ ਵਿਭਾਗ, ਜਲ ਸਪਲਾਈ, ਸੀਵਰੇਜ ਬੋਰਡ, ਵੇਰਕਾ ਮਿਲਕ ਪਲਾਂਟ, ਪੀ.ਡਬਲਿਊ.ਡੀ., ਫਰਦ ਕੇਂਦਰ, ਵੇਅਰਹਾਊਸਿੰਗ ਆਦਿ ਵਿੱਚ ਕੰਮ ਕਰ ਰਹੇ ਹਜ਼ਾਰਾਂ ਆਊਟਸੋਰਸਡ, ਇਨਲਿਸਟਮੈਂਟ, ਦਿਹਾੜੀਦਾਰ ਅਤੇ ਠੇਕਾ ਮੁਲਾਜ਼ਮ ਆਪਣੇ ਪਰਿਵਾਰਾਂ ਸਮੇਤ ਦਿੜ੍ਹਬਾ ਦਾਣਾ ਮੰਡੀ ਵਿੱਚ ਇਕੱਠੇ ਹੋ ਕੇ ਇਕ ਰੋਹ ਭਰਪੂਰ ਅਤੇ ਮਿਸਾਲੀ ਰੈਲੀ ਕਰਕੇ ਪੰਜਾਬ ਸਰਕਾਰ ਅੱਗੇ ਪੱਕੇ ਰੋਜ਼ਗਾਰ ਅਤੇ ਗੁਜ਼ਾਰੇ ਯੋਗ ਤਨਖਾਹ ਦੀ ਮਜ਼ਬੂਤ ਮੰਗ ਰੱਖੀ ਜਾਵੇਗੀ। ਉਨ੍ਹਾਂ ਦੱਸਿਆ ਗਿਆ ਕਿ ਇਸ ਰੈਲੀ ਨੂੰ ਕਿਸਾਨ, ਮਜ਼ਦੂਰ ਅਤੇ ਹੋਰ ਰੈਗੂਲਰ ਮੁਲਾਜ਼ਮ ਜਥੇਬੰਦੀਆਂ ਦਾ ਭਾਰੀ ਸਮਰਥਨ ਪ੍ਰਾਪਤ ਹੋਵੇਗਾ। ਰੈਲੀ ਦੀ ਤਿਆਰੀ ਮੁਲਾਜ਼ਮਾਂ ਦੀਆਂ ਵਿਆਪਕ ਮੀਟਿੰਗਾਂ ਅਤੇ ਆਗੂ ਟੀਮਾਂ ਵੱਲੋਂ ਘਰ-ਘਰ ਸੰਪਰਕ ਕਰਕੇ ਮੁਕੰਮਲ ਕੀਤੀ ਜਾ ਚੁੱਕੀ ਹੈ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

# ਐਂਟੀ ਕੁੱਰਪਸ਼ਨ ਸੁਸਾਇਟੀ ਨੇ ਲਗਾਇਆ ਗਿਆ ਸਲਾਨਾ ਲੰਗਰ ਭੰਡਾਰਾ




**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 30 ਜਨਵਰੀ ।**

ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਐਂਟੀ ਕੁੱਰਪਸ਼ਨ ਸੁਸਾਇਟੀ ਵੱਲੋ ਸਲਾਨਾ ਲੰਗਰ ਭੰਡਾਰਾ ਲਗਾਇਆ ਰੇਲਵੇ ਰੋਡ ਤਰਨਤਾਰਨ ਵਿਖ਼ੇ ਮੈਂਬਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ ਇਸ ਦੋਰਾਨ ਈ ਉ ਨਗਰ ਕੋਸਲ ਕਵਲਜੀਤ ਸਿੰਘ ਸੁਪਰਡੈਂਟ, ਬਲਜਿੰਦਰ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰਾਜੇਸ਼ ਕੁਮਾਰ, ਭਗਵਾਨ ਸੈਨਾ ਸੰਗਠਨ ਦੇ ਪ੍ਰਧਾਨ ਪੰਕਜ ਦਵੇਸਰ,ਟਰੈਫਿਕ ਇੰਚਾਰਜ ਦਿਲਬਾਗ ਸਿੰਘ, ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੰਦਬਾਜ, ਸ਼ਿਵ ਸੈਨਾ ਰਾਸ਼ਟਰਵਾਦੀ ਦੇ ਪੰਜਾਬ ਪ੍ਰਧਾਨ ਸਚਿਨ ਬਹਿਲ,ਸ਼ਿਵ ਸੈਨਾ ਯੂਬੀਟੀ ਦੇ ਵਾਈਸ ਪ੍ਰਧਾਨ ਅਸ਼ਵਨੀ ਕੁਮਾਰ ਕੁੱਕੂ,ਕੌਂਸਲਰ ਮਨੋਜ ਅਗਨੀਹੋਤਰੀ,ਸਾਬਕਾ ਕੌਂਸਲਰ ਡਾ. ਸੁਖਦੇਵ ਸਿੰਘ ਲੋਹਕਾ, ਸੀਨੀਅਰ ਕਾਂਗਰਸੀ ਆਗੂ ਕਰਨਬੀਰ ਸਿੰਘ ਬੁਰਜ,ਕੌਂਸਲਰ ਭਗਵਾਨ ਸਿੰਘ ਅੱਡਾ ਬਜ਼ਾਰ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਰੁਪਿੰਦਰ ਸਿੰਘ, ਸੀਨੀਅਰ ਕਾਂਗਰਸੀ ਆਗੂ ਨਵਰੂਪ ਸਿੰਘ ਡਾਲੇਕੇ ਸੀਨੀਅਰ ਕਾਗਰਸੀ ਆਗੂ ਕਸ਼ਮੀਰ ਸਿੰਘ ਭੋਲਾ,ਬੀਜੇਪੀ ਆਗੂ ਸੁਰਿੰਦਰ ਸਿੰਘ ਸ਼ਿੰਦਾ, ਆਮ ਆਦਮੀ ਪਾਰਟੀ ਤੇ ਜਨਰਲ ਸਕੱਤਰ ਮੈਡਮ ਅੰਜੂ ਵਰਮਾ,ਕਾਂਗਰਸ ਪਾਰਟੀ ਦੇ ਸ਼ਹਿਰੀ ਪ੍ਰਧਾਨ ਲਖਵਿੰਦਰ ਸਿੰਘ ਲੱਕੀ ਪਾਗਲ ਕੌਂਸਲਰ ਮਨੋਜ ਅਗਨੀਹੋਤਰੀ, ਨਗਰ ਸੁਧਾਰ ਟਰਸਟ ਦੇ ਮੈਂਬਰ ਰੂਪਿੰਦਰ ਕੌਰ,ਦੀਪਕ ਬੋਬੀ ਸੂਦ, ਡਾ ਰਮਨ ਗੁਪਤਾ ਤੋਂ ਇਲਾਵਾ ਸ਼ਹਿਰ ਦੇ ਵੱਖ ਵੱਖ ਰਾਜਨੀਤਿਕ ਅਤੇ ਵੱਖ -ਵੱਖ ਸ਼ਖਸ਼ੀਅਤਾਂ ਨੇ ਪੁਹੰਚ ਕੇ ਹਾਜ਼ਰੀ ਲਗਵਾਈ।ਇਸ ਮੋਕੇ ਸੁਸਾਇਟੀ ਦੇ ਪ੍ਰਧਾਨ ਬੀ ਐਸ ਸਾਹਿਲ ਅਤੇ ਸਮੂਹ ਅਹੁਦੇਦਾਰ ਸਾਹਿਬਾਨ ਵੱਖ ਵੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੋਕੇ ਸੰਸਥਾ ਦੇ ਸੁਰਜੀਤ ਅਹੂਜਾ, ਆਰ ਐਨ ਸਿੰਘ, ਗੁਰਿੰਦਰ ਸਿੰਘ ਟਿੰਕੂ, ਆਦੇਸ਼ ਅਗਨੀਹੋਤਰੀ, ਅਰੁਣ ਕੁਮਾਰ ਗੱਬਰ,ਪਰਮਿੰਦਰ ਸਿੰਘਪੋਮੀ,ਕਰਨ ਅਰੋੜਾ,ਕਰਨ ਚਾਵਲਾ, ਹਰਵਿੰਦਰ ਸਿੰਘ ਚਾਵਲਾ, ਕਵਲਜੀਤ ਸਿੰਘ, ਸੰਦੀਪ ਸਿੰਘ ਵੱਧਵਾ,ਗੁਰਨਾਮ ਸਿੰਘ, ਜਤਿੰਦਰ ਸਿੰਘ ਰਵੀਅਰੋੜਾ, ਗੁਰਮੀਤ ਸਿੰਘ, ਕੁਲਵਿੰਦਰ ਸਿੰਘ,ਸੁਖਬਾਜ ਸਿੰਘ ਰਾਜਾ, ਰਣਵੀਰ ਸਿੰਘ, ਰਵੀ ਕੁਮਾਰ, ਡਾ ਮਨਜਿੰਦਰ ਸਿੰਘ ਤੋਂ ਇਲਾਵਾ ਸੰਸਥਾ ਮੈਂਬਰਾ ਵਲੋਂ ਸੇਵਾ ਨਿਭਾਈ ਗਈ।ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਸੰਬੰਧ ਵਿੱਚ ਐਂਟੀ ਕੁੱਰਪਸ਼ਨ ਸੁਸਾਇਟੀ ਵੱਲੋ ਲਗਾਏ ਸਲਾਨਾ ਲੰਗਰ ਭੰਡਾਰੇ ਤੇ ਲੰਗਰ ਵਰਤਾਉਦੇ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਕਰਦੇ ਹੋਏ ਸੂਬਾ ਪ੍ਰਧਾਨ ਬੀਐਸ,ਨਾਲ ਗੁਰਿੰਦਰ ਸਿੰਘ ਟਿੰਕੂ,
ਅਤੇ ਹੋਰ ਆਗੂ।

# ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੱਟੀ ਦੇ ਘਰ-ਘਰ ਜਾ ਕੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਵਾਸਤੇ ਅਪਾਇੰਟਮੈਂਟ ਸਲਿੱਪਾਂ ਵੰਡੀਆਂ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 30 ਜਨਵਰੀ ।**

ਸੂਬੇ ਦੇ ਟਰਾਂਸਪੋਰਟ ਤੇ ਜੇਲ੍ਹਾਂ ਬਾਰੇ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਪੱਟੀ ਵਿਖੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਰਜਿਸਟ੍ਰੇਸ਼ਨ ਮੁਹਿੰਮ ਨੂੰ ਲਗਾਤਰ ਜਾਰੀ ਹੈ। ਕੈਬਨਿਟ ਮੰਤਰੀ ਵੱਲੋਂ ਬੀਤੀ ਸ਼ਾਮ ਪੱਟੀ ਸ਼ਹਿਰ ਦੇ ਵਾਰਡ ਨੰਬਰ 8 ਅਤੇ ਹਲਕੇ ਦੇ ਪਿੰਡਾਂ ਸਭਰਾ, ਸਖੀਰਾ ਵਿਖੇ ਘਰ-ਘਰ ਜਾ ਕੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਵਾਸਤੇ ਅਪਾਇੰਟਮੈਂਟ ਸਲਿੱਪਾਂ ਵੰਡੀਆਂ।

ਇਸ ਮੌਕੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਹੁਣ ਰਾਜ ਦੇ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ ਅਤੇ ਸਮਾਜ ਦੇ ਆਰਥਿਕ ਤੌਰ 'ਤੇ ਗਰੀਬ ਵਰਗ ਦੇ ਲੋਕ ਹੁਣ ਨਿੱਜੀ ਹਸਪਤਾਲਾਂ ਵਿੱਚ ਵੀ ਇਲਾਜ ਲੈ ਸਕਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਯੋਜਨਾ ਇਹ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ ਕਿ ਸੂਬੇ ਦਾ ਕੋਈ ਵੀ ਨਾਗਰਿਕ ਵਿੱਤੀ ਤੰਗੀਆਂ-ਤੁਰਸ਼ੀਆਂ ਕਾਰਨ ਮਿਆਰੀ ਸਿਹਤ ਸੰਭਾਲ ਸੇਵਾਵਾਂ ਤੋਂ ਵਾਂਝਾ ਨਾ ਰਹੇ।ਲਾਲਜੀਤ ਸਿੰਘ ਭੁੱਲਰ ਨੇ ਅੱਗੇ ਕਿਹਾ ਕਿ ਇਸ ਯੋਜਨਾ ਅਧੀਨ ਸਾਰੀਆਂ ਦਵਾਈਆਂ ਦੇ ਨਾਲ-ਨਾਲ ਡਾਇਗਨੋਸਟਿਕ ਟੈਸਟ ਵੀ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤਹਿਤ ਨਾਗਰਿਕਾਂ ਨੂੰ ਆਰਥੋਪੈਡਿਕਸ, ਜਨਰਲ ਮੈਡੀਸਨ, ਕਾਰਡੀਓਲੋਜੀ, ਨਿਊਰੋਲੋਜੀ, ਨੈਫਰੋਲੋਜੀ, ਯੂਰੋਲੋਜੀ, ਓਨਕੋਲੋਜੀ ਅਤੇ ਹੋਰ ਉੱਨਤ ਮੈਡੀਕਲ ਸ਼੍ਰੇਣੀਆਂ ਵਿੱਚ ਵਿਸ਼ੇਸ਼ ਇਲਾਜ ਸੇਵਾਵਾਂ ਮਿਲਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਯੋਜਨਾ ਅਧੀਨ ਹਸਪਤਾਲਾਂ ਵਿੱਚ ਇਲਾਜ ਦੀ ਪੂਰੀ ਲਾਗਤ ਦੇ ਨਾਲ-ਨਾਲ ਡਾਇਗਨੋਸਟਿਕ ਸੇਵਾਵਾਂ ਨੂੰ ਪੂਰੀ ਤਰ੍ਹਾਂ ਕਵਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਦਾ ਇਹ ਇਤਿਹਾਸਕ ਕਦਮ ਸੂਬੇ ਦੇ ਲੋਕਾਂ ਨੂੰ ਮਿਆਰੀ ਤੇ ਮੁਫ਼ਤ ਮੈਡੀਕਲ ਸੇਵਾਵਾਂ ਦੇਣ ਵਿੱਚ ਅਹਿਮ ਸਾਬਤ ਹੋਵੇਗਾ।

# ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਦੇ ਪਰਿਵਾਰ ਵੱਲੋਂ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਸਵਰਾਜ ਮਾਜਦਾ ਟਰੱਕ ਭੇਟ



**ਅੰਮ੍ਰਿਤਸਰ, ਚੋਹਲਾ ਸਾਹਿਬ 30 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਗੁਰੂ ਘਰ ਦੇ ਸ਼ਰਧਾਲੂ ਅਮਰੀਕਾ ਨਿਵਾਸੀ ਸ. ਬਲਵੰਤ ਸਿੰਘ ਅਤੇ ਪਰਿਵਾਰ ਵੱਲੋਂ ਸਵਰਾਜ ਮਾਜਦਾ ਟਰੱਕ ਭੇਟ ਕਰਕੇ ਗੁਰੂ ਘਰ ਪ੍ਰਤੀ ਸ਼ਰਧਾ ਪ੍ਰਗਟਾਈ ਗਈ। ਸਵਰਾਜ ਮਾਜਦਾ ਟਰੱਕ ਦੀਆਂ ਚਾਬੀਆਂ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਹੁਦੇਦਾਰਾਂ ਤੇ ਅਧਿਕਾਰੀਆਂ ਦੀ ਮੌਜੂਦਗੀ 'ਚ ਪ੍ਰਾਪਤ ਕੀਤੀਆਂ। ਇਸ ਮੌਕੇ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੋਜ਼ਾਨਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਸੰਗਤਾਂ ਨਤਮਸਤਕ ਹੁੰਦੀਆਂ ਹਨ ਅਤੇ ਗੁਰੂ ਘਰ ਦੀਆਂ ਸੇਵਾਵਾਂ ਵਿਚ ਹਿੱਸਾ ਪਾਉਂਦੀਆਂ ਹਨ। ਗੁਰੂ ਘਰ ਦੇ ਸ਼ਰਧਾਲੂ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਪਹਿਲਾਂ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਈ ਸੇਵਾਵਾਂ ਵਿਚ ਵੱਡਾ ਹਿੱਸਾ ਪਾਇਆ ਗਿਆ ਹੈ। ਅੱਜ ਵੀ ਇਸ ਸੇਵਕ ਪਰਿਵਾਰ ਨੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਲਈ ਇਕ ਸਵਰਾਜ ਮਾਜਦਾ ਟਰੱਕ ਭੇਟ ਕੀਤਾ ਹੈ। ਐਡਵੋਕੇਟ ਧਾਮੀ ਨੇ ਸ. ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਦਾ ਸ਼੍ਰੋਮਣੀ ਕਮੇਟੀ ਧੰਨਵਾਦ ਕਰਦਿਆਂ ਗੁਰੂ ਸਾਹਿਬ ਅੱਗੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਸ. ਰਣਜੀਤ ਸਿੰਘ ਜਲੰਧਰ ਆਦਿ ਹਾਜ਼ਰ ਸਨ।

# 14 ਮਾਰਚ ਨੂੰ ਮਨਾਈ ਜਾਵੇਗੀ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ- ਐਡਵੋਕੇਟ ਧਾਮੀ



**ਅੰਮ੍ਰਿਤਸਰ, ਚੋਹਲਾ ਸਾਹਿਬ 30 ਜਨਵਰੀ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਧਰਮ ਪ੍ਰਚਾਰ ਕਮੇਟੀ ਦੀ ਇਕੱਤਰਤਾ 'ਚ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ 14 ਮਾਰਚ 2026 ਨੂੰ ਮਨਾਉਣ ਅਤੇ ਅਪ੍ਰੈਲ ਮਹੀਨੇ ਤੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਲਹਿਰ ਹੋਰ ਪ੍ਰਚੰਡ ਕਰਨ ਸਮੇਤ ਹੋਰ ਮਾਮਲਿਆਂ ਨੂੰ ਵਿਚਾਰਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ 14 ਮਾਰਚ 2026 ਨੂੰ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ, ਪਿੰਡ ਵਾਂ, ਜ਼ਿਲ੍ਹਾ ਤਰਨ ਤਾਰਨ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 11 ਮਾਰਚ ਨੂੰ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ 12 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭ ਹੋਵੇਗੀ, ਜਿਸ ਮਗਰੋਂ ਲਗਾਤਾਰ ਧਾਰਮਿਕ ਦੀਵਾਨ ਸਜਾਏ ਜਾਣਗੇ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼ਤਾਬਦੀ ਦਾ ਮੁੱਖ ਸਮਾਗਮ 14 ਮਾਰਚ ਨੂੰ ਹੋਵੇਗਾ, ਜਿਸ ਵਿਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਅਤੇ ਸਿੱਖ ਕੌਮ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਉਨ੍ਹਾਂ ਕਿਹਾ ਕਿ ਸ਼ਤਾਬਦੀ ਦਿਹਾੜੇ ਕੌਮ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੁੜਨ ਤੇ ਪ੍ਰਚਾਰਨ ਦਾ ਅਹਿਮ ਮੌਕਾ ਹੁੰਦੇ ਹਨ ਅਤੇ ਸੰਗਤਾਂ ਇਨ੍ਹਾਂ ਦਾ ਵੱਧ ਤੋਂ ਵੱਧ ਹਿੱਸਾ ਬਣਨ ਤਾਂ ਕਿ ਕੌਮੀ ਦਿਹਾੜੇ ਯਾਦਗਾਰੀ ਬਣ ਸਕਣ।ਐਡਵੋਕੇਟ ਧਾਮੀ ਨੇ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੀ ਅੱਜ ਦੀ ਇਕੱਤਰਤਾ ਵਿਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਸਰਗਰਮ ਕਰਦਿਆਂ ਅਪ੍ਰੈਲ ਮਹੀਨੇ ਤੋਂ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦੀ ਲੜੀ ਹੋਰ ਤੇਜ਼ ਕਰਨ ਦਾ ਵੀ ਫੈਸਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਤਹਿਤ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਜਥੇ ਪਿੰਡ-ਪਿੰਡ ਜਾ ਕੇ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਤ ਕਰਨਗੇ। ਇਸ ਦੌਰਾਨ ਵਿਸ਼ੇਸ਼ ਤੌਰ ਗੁਰਮਤਿ ਸਮਾਗਮ ਵੀ ਆਯੋਜਤ ਕੀਤੇ ਜਾਣਗੇ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀ ਐਜੂਕੇਸ਼ਨ ਕਮੇਟੀ ਦੀ ਹੋਈ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਵਿਦਿਅਕ ਅਦਾਰਿਆਂ ਨਾਲ ਸਬੰਧਤ ਮਾਮਲਿਆਂ ਨੂੰ ਵੀ ਵਿਚਾਰਿਆ ਗਿਆ। ਇਕੱਤਰਤਾਵਾਂ 'ਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਸੁਖਵਰਸ਼ ਸਿੰਘ ਪੰਨੂ, ਸ. ਪ੍ਰਿਤਪਾਲ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਸ. ਅਵਤਾਰ ਸਿੰਘ ਵਣਵਾਲਾ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਤੇਜਿੰਦਰਪਾਲ ਸਿੰਘ ਲਾਡਵਾਂ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਵਿਦਿਆ ਇੰਜੀ: ਸੁਖਮਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ. ਹਰਭਜਨ ਸਿੰਘ ਵਕਤਾ, ਡਿਪਟੀ ਡਾਇਰੈਕਟਰ ਬੀਬੀ ਸਤਵੰਤ ਕੌਰ, ਡਾ. ਰਜਿੰਦਰ ਕੌਰ, ਇੰਚਾਰਜ ਸ. ਬਲਦੇਵ ਸਿੰਘ ਆਦਿ ਮੌਜੂਦ ਸਨ।

